ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 18 * Issue 06 Daily Newspaper Thursday, January 10, 2019 Tel: 905-793-2202 Fax: 905-793-2282 news@punjabipost.ca

Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

# ਟਰੂਡੋ ਵੱਲੋਂ 25 ਫਰਵਰੀ ਨੂੰ ਤਿੰਨ ਥਾਂਵਾਂ ’ਤੇ ਜ਼ਿਮਨੀ ਚੋਣਾਂ ਕਰਵਾਉਣ ਦਾ ਐਲਾਨ

**ਆਪਣਾ ਨਵਾਂ ਐਮਪੀ ਚੁਣਨ ਲਈ ਜਿਨ੍ਹਾਂ ਤਿੰਨ ਹਲਕਿਆਂ ਵਿੱਚ ਚੋਣਾਂ ਹੋਣਗੀਆਂ ਉਹ ਹਨ**
**-ਬਰਨਾਬੀ ਸਾਊਥ ਵੈਸਟ, ਬੀਸੀ**
**-ਆਊਟਰਮੌਂਟ, ਕਿਊਬਿਕ**
**-ਯੌਰਕ-ਸਿਮਕੋਏ, ਓਨਟਾਰੀਓ**

## ਜਗਮੀਤ ਸਿੰਘ ਦੇ ਬਰਨਾਬੀ ਸੀਟ ਤੋਂ ਜਿੱਤਣ ਦੀ ਉਮੀਦ



ਓਟਵਾ, 9 ਜਨਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 25 ਫਰਵਰੀ ਨੂੰ ਤਿੰਨ ਥਾਂਵਾਂ ਉੱਤੇ ਫੈਡਰਲ ਜ਼ਿਮਨੀ ਚੋਣਾਂ ਕਰਵਾਏ ਜਾਣ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿੱਚ ਉਹ ਹਲਕਾ ਵੀ ਸ਼ਾਮਲ ਹੈ ਜਿੱਥੋਂ ਐਨਡੀਪੀ ਆਗੂ ਜਗਮੀਤ ਸਿੰਘ ਪਾਰਲੀਮਾਨੀ ਸੀਟ ਲਈ ਲੜਨਾ ਚਾਹੁੰਦੇ ਹਨ।

ਆਪਣੇ ਸਮਰਥਕਾਂ ਨੂੰ ਲਿਖੀ ਈਮੇਲ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਇਹ ਉਨ੍ਹਾਂ ਲਈ ਖਾਸ ਤੌਰ ਉੱਤੇ ਬਹੁਤ ਵੱਡਾ ਪਲ ਹੈ। ਇਹ ਖਬਰ ਸੁਣਨ ਤੋਂ ਬਾਅਦ ਉਹ ਕਾਫੀ ਉਤਸਾਹਿਤ ਹਨ। ਉਨ੍ਹਾਂ ਇਹ ਵੀ ਆਖਿਆ ਕਿ ਉਹ ਅਗਲੇ 47 ਦਿਨ ਬਰਨਾਬੀ ਸਾਊਥ ਦੇ ਲੋਕਾਂ ਦੀਆਂ ਮੁਸ਼ਕਲਾਂ ਨਾਲ ਲੜਦੇ ਤੇ ਉਨ੍ਹਾਂ ਦੇ ਹੱਲ ਲੱਭਣ ਵਿੱਚ ਬਿਤਾਉਣਗੇ।

ਜ਼ਿਕਰਯੋਗ ਹੈ ਕਿ ਟਰੂਡੋ ਉੱਤੇ ਇਹ ਜ਼ਿਮਨੀ ਚੋਣਾਂ ਜਲਦ ਕਰਵਾਉਣ ਲਈ ਜਗਮੀਤ ਸਿੰਘ ਤੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਵੱਲੋਂ ਲੰਮੇਂ ਸਮੇਂ ਤੋਂ ਦਬਾਅ ਪਾਇਆ ਜਾ ਰਿਹਾ ਸੀ। ਪਰ ਇਨ੍ਹਾਂ ਜ਼ਿਮਨੀ ਚੋਣਾਂ ਦੇ ਐਲਾਨ ਵਿੱਚ ਕੀਤੀ ਜਾ ਰਹੀ ਦੇਰੀ ਕਾਰਨ ਟਰੂਡੋ ਦੀ ਵਿਰੋਧੀ ਧਿਰਾਂ ਦੇ ਦੋਵਾਂ ਆਗੂਆਂ ਵੱਲੋਂ ਕਾਫੀ ਨੁਕਤਾਚੀਨੀ ਵੀ ਕੀਤੀ ਜਾ ਰਹੀ ਸੀ। ਪਿਛਲੇ ਸ਼ੁੱਕਰਵਾਰ ਸ਼ੀਅਰ ਨੇ ਇੱਕ ਬਿਆਨ ਵਿੱਚ ਆਖਿਆ ਕਿ ਇਨ੍ਹਾਂ ਖਾਲੀ ਸੀਟਾਂ ਦੇ ਵੋਟਰ ਵੀ ਆਪਣੀ ਆਵਾਜ਼ ਉੱਤੋਂ ਤੱਕ ਪਹੁੰਚਾਉਣ ਦੇ ਮੌਕੇ ਦੇ ਹੱਕਦਾਰ ਹਨ।

ਵੀਕੈਂਡ ਉੱਤੇ ਜਗਮੀਤ ਸਿੰਘ ਨੇ ਵੀ ਆਪਣੇ ਬਰਨਾਬੀ ਸਾਊਥ, ਬੀਸੀ, ਸਥਿਤ ਨਵੇਂ ਕੈਂਪੇਨ ਆਫਿਸ ਵਿੱਚ ਆਪਣੇ ਸਮਰਥਕਾਂ ਨੂੰ ਇੱਕਠਾ ਕਰਕੇ ਇਹ ਆਖਿਆ ਸੀ ਕਿ ਟਰੂਡੋ ਹਜ਼ਾਰਾਂ ਕੈਨੇਡੀਅਨਾਂ ਦੀ ਹਾਊਸ ਆਫ ਕਾਮਨਜ਼ ਵਿੱਚ ਸਹੀ ਨੁਮਾਇੰਦਗੀ ਦੇ ਹੱਕ ਨੂੰ ਖੋਹ ਰਹੇ ਹਨ। ਉਨ੍ਹਾਂ ਇਹ ਵੀ ਆਖਿਆ ਸੀ ਕਿ ਟਰੂਡੋ ਜਾਣਬੁੱਝ ਕੇ ਇਨ੍ਹਾਂ ਹਲਕਿਆਂ ਵਿੱਚ ਜ਼ਿਮਨੀ ਚੋਣਾਂ ਕਰਵਾਉਣ ਵਿੱਚ ਦੇਰ ਕਰ ਰਹੇ ਹਨ।

ਬਰਨਾਬੀ ਵਿੱਚ ਜਗਮੀਤ ਸਿੰਘ ਦਾ ਮੁਕਾ-ਬਲਾ ਲਿਬਰਲ ਉਮੀਦਵਾਰ ਤੇ ਡੇਅ ਕੇਅਰ ਸੈਂਟਰ ਦੇ ਮਾਲਕ ਕੈਰਨ ਵਾਂਗ ਤੇ ਕੰਜ਼ਰਵੇਟਿਵ ਉਮੀਦਵਾਰ ਤੇ ਕਾਰਪੋਰੇਟ ਵਕੀਲ ਜੇਅ ਸ਼ਿਨ ਨਾਲ ਹੋਵੇਗਾ। ਗ੍ਰੀਨ ਪਾਰਟੀ ਨੇ ਜਗਮੀਤ ਸਿੰਘ ਦੇ ਖਿਲਾਫ ਕੋਈ ਉਮੀਦਵਾਰ ਖੜ੍ਹਾ ਨਾ ਕਰਨ ਦਾ ਫੈਸਲਾ ਕੀਤਾ ਹੈ। ...ਬਾਕੀ ਪੰਨਾ 6 ’ਤੇ

## ਫੋਰਡ ਦੇ ਸੈਕਸ ਐਜੂਕੇਸ਼ਨ ਪ੍ਰੋਗਰਾਮ ਖਿਲਾਫ ਅਦਾਲਤ ਪਹੁੰਚੇ ਗਰੁੱਪਜ਼ ਦੇ ਸਮਰਥਨ ’ਚ ਨਿੱਤਰੀ ਐਨਡੀਪੀ


ਐਨਡੀਪੀ ਕ੍ਰਿਟਿਕ ਟੈਰੈਂਸ ਕਰਨਾਘਨ

ਟੋਰਾਂਟੋ, 9 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਸਕੂਲਾਂ ਵਿੱਚ ਆਧੁਨਿਕ ਤੇ ਅਪਡੇਟਿਡ ਸੈਕਸ-ਐਜੂਕੇਸ਼ਨ ਉੱਤੇ ਪਾਬੰਦੀ ਲਾਉਣ ਲਈ ਬਾਜ਼ਿੱਦ ਪ੍ਰੀਮੀਅਰ ਡੱਗ ਫੋਰਡ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਇੱਕ ਗਰੁੱਪ ਵੱਲੋਂ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਹੈ। ਮੁੱਖ ਵਿਰੋਧੀ ਧਿਰ ਐਨਡੀਪੀ ਦਾ ਕਹਿਣਾ ਹੈ ਕਿ ਉਹ ਇਸ ਗਰੁੱਪ ਦੀ ਰਾਇ ਨਾਲ ਇਤਫਾਕ ਰੱਖਦੇ ਹਨ। ਐਨਡੀਪੀ ਇਸ ਗਰੁੱਪ ਦੇ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਹੈ ਕਿ ਫੋਰਡ ਸਰਕਾਰ ਸਮਾਂ ਵਿਹਾਅ ਚੁੱਕੇ ਪਾਠਕ੍ਰਮ ਨੂੰ ਲਾਗੂ ਕਰਵਾਉਣ ਦੇ ਆਪਣੇ ਇਰਾਦੇ ਨਾਲ ਕੈਨੇਡੀਅਨ ਚਾਰਟਰ ਆਫ ਰਾਈਟਸ ਐਂਡ ਫਰੀਡਮਜ਼ ਤਹਿਤ ਲੋਕਾਂ ਦੇ ਅਧਿਕਾਰਾਂ ਤੇ ਕਦਰਾਂ ਕੀਮਤਾਂ ਦੀ ਉਲੰਘਣਾ ਕਰ ਰਹੀ ਹੈ। ...ਬਾਕੀ ਪੰਨਾ 6 ’ਤੇ

## ਓਸ਼ਵਾ ਪਲਾਂਟ ਜਾਰੀ ਰੱਖਣ ਦੇ ਯੂਨੀਫੌਰ ਦੇ ਪ੍ਰਸਤਾਵ ਨੂੰ ਜੀਐਮ ਨੇ ਠੁਕਰਾਇਆ




ਵਿੰਡਸਰ, ਓਨਟਾਰੀਓ, 9 ਜਨਵਰੀ (ਪੋਸਟ ਬਿਊਰੋ) : ਜਨਰਲ ਮੋਟਰਜ਼ ਆਪਣੇ ਓਸ਼ਵਾ ਸਥਿਤ ਅਸੈਂਬਲੀ ਪਲਾਂਟ ਨੂੰ ਇਸ ਸਾਲ ਦੇ ਅੰਤ ਤੱਕ ਬੰਦ ਕਰਨ ਲਈ ਬਜ਼ਿੱਦ ਹੈ। ਯੂਨੀਫੌਰ ਦੇ ਮੁਖੀ ਦਾ ਕਹਿਣਾ ਹੈ ਕਿ ਇਹ ਫੈਸਲਾ ਕਾਰਪੋਰੇਟ ਮੁਨਾਫੇ ਤੇ ਲਾਲਚ ਤੋਂ ਹੀ ਪ੍ਰੇਰਿਤ ਹੈ।

ਯੂਨੀਫੌਰ ਦੇ ਪ੍ਰੈਜ਼ੀਡੈਂਟ ਜੈਰੀ ਡਾਇਸ ਨੇ ਮੰਗਲਵਾਰ ਨੂੰ ਜੀਐਮ ਦੇ ਅਧਿਕਾਰੀਆਂ ਨਾਲ ਓਨਟਾਰੀਓ ਪਲਾਂਟ ਚੱਲਦਾ ਰੱਖਣ ਲਈ ਯੂਨੀਅਨ ਦੇ ਪ੍ਰਸਤਾਵ ਸਬੰਧੀ ਗੱਲਬਾਤ ਕੀਤੀ ਪਰ ਉਨ੍ਹਾਂ ਦੇ ਹੱਥ ਨਿਰਾਸ਼ਾ ਹੀ ਪਈ। ...ਬਾਕੀ ਪੰਨਾ 3 ’ਤੇ

ਲੋਹੜੀ ਖੁਸ਼ੀਆਂ ਲੈ ਕੇ ਆਈ ਵੰਡੋ ਸਾਰਿਆਂ ਨੂੰ ਮਠਿਆਈ
Happy Lohri
ਇਸ ਲੋਹੜੀ ਤੇ ਆਪਣੀ ਤੇ ਆਪਣੇ ਪਰਿਵਾਰ ਦੀਆਂ ਖੁਸ਼ੀਆਂ ਭਰੀ ਤਸਵੀਰਾਂ ਸਾਡੇ ਅਖ਼ਬਾਰ ਵਿੱਚ ਲਵਾਉ ਤੇ ਆਪਣੇ ਪਿਆਰਿਆਂ ਨੂੰ ਲੋਹੜੀ ਦੀਆਂ ਵਧਾਈਆਂ ਦਵੋ
ਪੰਜਾਬੀ ਪੋਸਟ ਕਾਲ ਕਰੋ: 905-793-2202
ਜਾਂ ਇ-ਮੇਲ ਕਰੋ: news@punjabipost.ca

## ਆਟੋ ਇੰਸ਼ੋਰੈਂਸ ਦਰਾਂ ਨੂੰ ਘਟਾਉਣ ਲਈ ਫੋਰਡ ਸਰਕਾਰ ਵੱਲੋਂ ਕਵਾਇਦ ਸ਼ੁਰੂ



ਓਨਟਾਰੀਓ, 9 ਜਨਵਰੀ (ਪੋਸਟ ਬਿਊਰੋ) : ਲੋਕ ਹਿਤ ਲਈ ਕੰਮ ਕਰਨ ਵਾਲੀ ਫੋਰਡ ਸਰਕਾਰ ਵੱਲੋਂ ਪ੍ਰੋਵਿੰਸ ਵਿੱਚ ਆਟੋ ਇੰਸ਼ੋਰੈਂਸ ਦਰਾਂ ਨੂੰ ਘਟਾਉਣ ਤੇ ਲੋਕਾਂ ਦੀ ਜ਼ਿੰਦਗੀ ਨੂੰ ਵਧੇਰੇ ਕਿਫਾਇਤੀ ਬਣਾਉਣ ਦੇ ਕੀਤੇ ਗਏ ਵਾਅਦੇ ਨੂੰ ਪੂਰਾ ਕਰਨ ਲਈ ਡਰਾਈਵਰਾਂ ਤੇ ਖਪਤਕਾਰਾਂ ਤੋਂ ਉਨ੍ਹਾਂ ਦੀ ਰਾਇ ਮੰਗੀ ਜਾ ਰਹੀ ਹੈ। ਵਿੱਤ ਮੰਤਰੀ ਵਿੱਕ ਫੈਡੇਲੀ ਨੇ ਆਖਿਆ ਕਿ ਪਿਛਲੀ ਸਰਕਾਰ ਦੇ ਆਟੋ ਇੰਸ਼ੋਰੈਂਸ ਬਾਰੇ ਟੀਚਿਆਂ ਕਾਰਨ ਸਿਸਟਮ ਫੇਲ੍ਹ ਹੋ ਚੁੱਕਿਆ ਹੈ। ...ਬਾਕੀ ਪੰਨਾ 3 ’ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME AUTO BUSINESS TRUCKING R.E.S.P COMMERCIAL
CONNEX Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Axcel Insurance Brokers Ltd.

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਉ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

HSBA TAX SERVICES
ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration – Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur Sr. Accountant, M.B.A.
Email:info@hsbatax.com
Tel: 647-720-5278 | 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator
647.990.3205

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
Punjab Insurance Inc
10-7003 Steeles Ave. West, Etobicoke

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration • Real Estate
Family Law • Business Closing
Corporate • Wills & Estates
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755 www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੱਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
100% removal of all pests written Guarantee
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

PUNJABSINDH FINANCE
TRUCK/TRAILER LOAN & REFINANCE
PUNJABSINDH FINANCE · EVERY $ MAKES A DIFFERENCE · PSF
ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ
- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000
6665 Tomken Rd #202, Mississauga, ON L5T 2C5 (Tomken/Midway)

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction
AIR CANADA · PIA · ETIHAD · KLM · Emirates · SWISS · BRITISH AIRWAYS · JET AIRWAYS
Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife
Signature.ca · WestJet vacations · transat · sunwing · AIR CANADA VACATIONS · tico.ca · IATA
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SimConnect FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers :
Solo/Team : upto .65 Cents Per Mile
Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3

chatr MOBILE
NATION-WIDE
TALK, TEXT & DATA PLANS
FROM
$35/MO.
NEW
NO OVERAGE CHARGES, NO TERM CONTRACTS, NO CREDIT CHECKS
LET'S GET GOING.
CHATRMOBILE.COM
VISIT OUR LOCATIONS TODAY!
379 Main St. North, Brampton, ON
2456 Lake Shore Blvd W., Etobicoke, ON
chatr AUTHORIZED DEALER
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅ ਅੱਜ ਨਾਮਾ >>

ਰਾਖਵਾਂਕਰਨ ਲਈ ਬਿੱਲ ਜਦ ਪਾਸ ਕੀਤਾ,
ਹੋਇਆ ਪਿਆ ਸਭ ਮੁਲਕ ਹੈਰਾਨ ਮੀਆਂ।
ਮੋਦੀ ਕਹਿੰਦਾ ਕਿ ਪੂਰਾ ਜੀ ਬਚਨ ਕਰਿਆ,
ਕਰ ਲਿਆ ਪਾਸ ਬਈ ਇਮਤਿਹਾਨ ਮੀਆਂ।
ਦਲਿਤਾਂ ਕੋਲ ਸੀ ਬੜਾ ਅਧਿਕਾਰ ਪਹਿਲਾਂ,
ਸਵਰਨ ਜਾਤਾਂ ਦਾ ਕੀਤਾ ਸਨਮਾਨ ਮੀਆਂ।
ਗੱਲੀਂ-ਬਾਤੀਂ ਅਧਿਕਾਰ ਕਈ ਬਖਸ਼ ਦਿੱਤੇ,
ਛੱਡਿਆ ਗੁੱਡਾ ਬਈ ਚਾੜ੍ਹ ਅਸਮਾਨ ਮੀਆਂ।
ਰਾਖਵਾਂਕਰਨ ਲਈ ਮਤਾ ਤਾਂ ਪਾਸ ਕਰਿਆ,
ਸਾਂਭਿਆ ਜਾਵੇ ਨਹੀਂ ਉਂਜ ਤਾਂ ਮਾਣ ਮੀਆਂ।
ਨੌਕਰੀਆਂ ਬਿਨਾਂ ਜੀ ਕਾਹਦੀ ਰਿਜ਼ਰਵੇਸ਼ਨ,
ਹਰ ਥਾਂ ਹੋਇਆ ਰੁਜ਼ਗਾਰ ਦਾ ਘਾਣ ਮੀਆਂ।

**ਤੀਸ ਮਾਰ ਖਾਂ**

# ਬੈਂਕ ਆਫ ਕੈਨੇਡਾ ਵੱਲੋਂ ਵਿਆਜ਼ ਦਰਾਂ ਜਿਉਂ ਦੀਆਂ ਤਿਉਂ ਰੱਖਣ ਦੀ ਸੰਭਾਵਨਾ

ਓਟਵਾ, 9 ਜਨਵਰੀ (ਪੋਸਟ ਬਿਊਰੋ) : 2019 ਦੇ ਨੀਤੀ ਸਬੰਧੀ ਆਪਣੇ ਪਹਿਲੇ ਫੈਸਲੇ ਵਿੱਚ ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ 1.75 ਫੀ ਸਦੀ ਉੱਤੇ ਕਾਇਮ ਰੱਖਣ ਦੀ ਸੰਭਾਵਨਾ ਹੈ।

ਕੇਂਦਰੀ ਬੈਂਕ ਪਿਛਲੇ ਡੇਢ ਸਾਲ ਤੋਂ ਵਿਆਜ਼ ਦਰਾਂ ਵਿੱਚ ਵਾਧਾ ਕਰਨ ਦਾ ਮਨ ਬਣਾ ਰਿਹਾ ਹੈ ਪਰ ਨਿਰਾਸ਼ਾਜਨਕ ਪ੍ਰਦਰਸ਼ਨ ਕਾਰਨ ਬਹੁਤ ਸਾਰੇ ਮਾਹਿਰਾਂ ਦਾ ਮੰਨਣਾ ਹੈ ਕਿ ਅਜੇ ਬੈਂਕ ਨੂੰ ਵਿਆਜ਼ ਦਰਾਂ ਵਧਾਉਣ ਵਿੱਚ ਸਮਾਂ ਲੱਗੇਗਾ। ਜ਼ਿਕਰਯੋਗ ਹੈ ਕਿ ਗਵਰਨਰ ਸਟੀਫਨ ਪੋਲੋਜ਼ ਨੇ 2017 ਦੀਆਂ ਗਰਮੀਆਂ ਤੋਂ ਲੈ ਕੇ ਹੁਣ ਤੱਕ ਪੰਜ ਵਾਰੀ ਇਨ੍ਹਾਂ ਵਿਆਜ਼ ਦਰਾਂ ਵਿੱਚ ਵਾਧਾ ਕੀਤਾ ਹੈ। ਉਨ੍ਹਾਂ ਕੈਨੇਡੀਅਨਾਂ ਨੂੰ ਵੀ ਤਿੰਨ ਫੀ ਸਦੀ ਤੱਕ ਵਿਆਜ਼ ਦਰਾਂ ਵਿੱਚ ਹੋਣ ਵਾਲੇ ਵਾਧੇ ਲਈ ਤਿਆਰ ਰਹਿਣ ਵਾਸਤੇ ਆਖਿਆ ਹੈ।

ਪਰ ਇਨ੍ਹਾਂ ਵਿਆਜ਼ ਦਰਾਂ ਵਿੱਚ 2.5 ਤੇ 3.5 ਫੀ ਸਦੀ ਦੇ ਹੋਣ ਵਾਲੇ ਵਾਧੇ ਲਈ ਅਜੇ ਕਾਫੀ ਲੰਮਾਂ ਸਫਰ ਤੈਅ ਕੀਤਾ ਜਾਣਾ ਹੈ। ਭਾਵੇਂ ਕੈਨੇਡਾ ਦਾ ਅਰਥਚਾਰਾ ਕਾਫੀ ਮਜ਼ਬੂਤ ਹੋ ਚੁੱਕਿਆ ਹੈ ਪਰ ਮਾਹਿਰਾਂ ਦਾ ਕਹਿਣਾ ਹੈ ਕਿ ਤੇਲ ਦੀਆਂ ਕੀਮਤਾਂ ਵਿੱਚ ਆਈ ਗਿਰਾਵਟ, ਘੱਟ ਭੱਤੇ ਤੇ ਮਹਿੰਗਾਈ ਦੇ ਦਬਾਅ ਦੇ ਨਾਲ ਨਾਲ ਕੌਮਾਂਤਰੀ ਅਸਥਿਰਤਾ ਕਾਰਨ ਹੀ ਬੈਂਕ ਵਿਆਜ਼ ਦਰਾਂ ਵਿੱਚ ਵਾਧਾ ਕਰਨ ਤੋਂ ਕਤਰਾ ਰਿਹਾ ਹੈ। ਵਿਸ਼ਲੇਸ਼ਕ ਅੱਜ ਪੋਲੋਜ਼ ਵੱਲੋਂ ਕੀਤੇ ਜਾਣ ਵਾਲੇ ਐਲਾਨ ਦਾ ਵਿਸ਼ਲੇਸ਼ਣ ਕਰਕੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰਨਗੇ ਕਿ ਵਿਆਜ਼ ਦਰਾਂ ਵਿੱਚ ਵਾਧੇ ਲਈ ਬੈਂਕ ਕਿਹੜੇ ਮੁੱਦਿਆਂ ਉੱਤੇ ਧਿਆਨ ਕੇਂਦਰਿਤ ਕਰੇਗਾ।





**COLUMBUS TRUCK WASH**
Open 7 Days

A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar) | 905-672-1635



**REXDALE FINANCIAL SERVICES**
WE HELP YOU START GROW AND SUCCEED
19 Woodbine Downs Blvd unit#201 Etobicoke ON M9W 6N5
The Mortgage Centre
Call now: 416-674-8035
416-674-7050
Fax: 416-674-9009
WE HELP YOU START GROW AND SUCCEED
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੁੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਉ
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS?
SHOPPING FOR A BETTER INTEREST RATE?
MORTGAGES SUITABLE FOR EVERY NEED !
1st, and 2nd Mortgages Available !
ALL IN ONE LOW MONTHLY PAYMENT !
ਕੀ ਤੁਸੀਂ ਚਾਹੁੰਦੇ ਹੋ?
SELF-EMPLOYED OR UN-EMPLOYED
Some Conditions Apply
Each Mortgage Centre is independently owned and operated.
ਜ਼ਿਆਦਾ ਵਿਆਜ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜ਼ਾ ਚੁਕਾਉ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by Upto 50%
YOU NEED A MORTGAGE? WE'LL ARRANGE IT FOR YOU NO MATTER WHAT YOUR REASON IS !

Jaspal Singh Gahunia
# M08006400
416-677-0047


# ਮੇਜਰ ਨੱਤ ਅਤੇ ਪੰਨੂੰ ਪਰਿਵਾਰ ਨੂੰ ਸਦਮਾ

## ਸੁਰਿੰਦਰਪਾਲ ਸਿੰਘ ਪੰਨੂੰ ਦੀ ਦਿਲ ਦੇ ਦੌਰੇ ਨਾਲ ਮੌਤ



ਅੰਤਿਮ ਸਸਕਾਰ ਅੱਜ

ਮਾਹਲਪੁਰ ਦੇ ਨੇੜੇ ਪਿੰਡ ਓਟਵਾਲ ਦੇ ਨਿਵਾਸੀ ਸ. ਸੁਰਿੰਦਰਪਾਲ ਸਿੰਘ ਪੰਨੂੰ ਬੀਤੇ ਦਿਨੀਂ ਅਚਾਨਕ ਦਿਲ ਦੇ ਦੌਰੇ ਕਾਰਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ 58 ਵਰ੍ਹਿਆਂ ਦੇ ਸਨ ਅਤੇ ਬੀਤੇ ਲੰਬੇ ਸਮੇਂ ਤੋਂ ਬਰੈਂਪਟਨ 'ਚ ਰਹਿ ਰਹੇ ਸਨ। ਉਨ੍ਹਾਂ ਦੇ ਅੰਤਿਮ ਸਸਕਾਰ 30 ਬਰਿਮਵਿਊ ਕੋਰਟ ਬਰੈਂਪਟਨ 'ਚ ਸਥਿਤ ਬਰੈਂਪਟਨ ਕਰੈਮੇਟੋਰੀਅਮ ਵਿਖੇ ਦਿਨ ਵੀਰਵਾਰ ਨੂੰ 12 ਤੋਂ 2 ਵਜੇ ਤੱਕ ਕੀਤੇ ਜਾਣਗੇ। ਇਸ ਉਪਰੰਤ ਉਨ੍ਹਾਂ ਦੀ ਅੰਤਿਮ ਅਰਦਾਸ ਅਤੇ ਉਨ੍ਹਾਂ ਨਮਿਤ ਪਾਠ ਦੇ ਭੋਗ 2:30 ਵਜੇ ਤੋਂ ਲੈਕੇ 3:30 ਵਜੇ ਤੱਕ ਸਿੱਖ ਸਪੀਰੀਚਿਅਲ ਸੈਂਟਰ ਰੈਕਸਡੇਲ ਵਿਖੇ ਪਾਏ ਜਾਣਗੇ। ਸ. ਸੁਰਿੰਦਰਪਾਲ ਸਿੰਘ ਪੰਨੂੰ ਪ੍ਰਸਿਧ ਕਾਰੋਬਾਰੀ ਏਸ਼ੀਅਨ ਫੂਡ ਸੈਂਟਰ ਦੇ ਸ. ਮੇਜਰ ਸਿੰਘ ਨੱਤ ਦੇ ਸਾਲਾ ਸਾਹਿਬ ਅਤੇ ਦਵਿੰਦਰ ਸਿੰਘ ਪੰਨੂੰ ਦੇ ਭਰਾ ਸਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ. ਮੇਜਰ ਸਿੰਘ ਨੱਤ ਨਾਲ 416-543-7101 ਜਾਂ ਉਨ੍ਹਾਂ ਦੇ ਬੇਟੇ ਕੁਲਦੀਪ ਸਿੰਘ ਪੰਨੂੰ ਅਤੇ ਉਨ੍ਹਾਂ ਦੇ ਭਰਾ ਦਵਿੰਦਰ ਸਿੰਘ ਪੰਨੂੰ ਨਾਲ 647-294-3428 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਆਟੋ ਇੰਸ਼ੋਰੈਂਸ ਦਰਾਂ ਨੂੰ ਘਟਾਉਣ ਲਈ ਫੋਰਡ ਸਰਕਾਰ ਵੱਲੋਂ ਕਵਾਇਦ ਸ਼ੁਰੂ

...ਪੰਨਾ 1 ਦਾ ਬਾਕੀ

ਓਨਟਾਰੀਓ ਵਿੱਚ ਆਟੋ ਇੰਸ਼ੋਰੈਂਸ ਦਰਾਂ ਦੇਸ਼ ਵਿੱਚ ਸੱਭ ਤੋਂ ਜ਼ਿਆਦਾ ਹਨ। ਇਸ ਲਈ ਇਸ ਸਬੰਧ ਵਿੱਚ ਕਾਰਵਾਈ ਕਰਨ ਦਾ ਇਹ ਸਹੀ ਵੇਲਾ ਹੈ। ਫੈਡੇਲੀ ਨੇ ਆਖਿਆ ਕਿ ਇਸ ਸਿਸਟਮ ਵਿੱਚ ਕਿਸ ਤਰ੍ਹਾਂ ਸੁਧਾਰ ਕੀਤਾ ਜਾਵੇ ਇਸ ਬਾਰੇ ਅਸੀਂ ਸਿੱਧੇ ਤੌਰ ਉੱਤੇ ਤੁਹ-ਾਡੇ ਕੋਲੋਂ ਸੁਣਨਾ ਚਾਹੁੰਦੇ ਹਾਂ।

ਇਸ ਸਬੰਧ ਵਿੱਚ ਕੰਜ਼ਿਊਮਰਜ਼ ਤੇ ਕਾਰੋਬਾਰੀਆਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਲਈ 15 ਫਰਵਰੀ, 2019 ਤੱਕ ਦਾ ਸਮਾਂ ਦਿੱਤਾ ਗਿਆ ਹੈ। ਡਰਾਈਵਰਾਂ ਨੂੰ ਪਹਿਲ ਦੇਣ ਤੇ ਉਨ੍ਹਾਂ ਦੀ ਰਾਇ ਜਾਨਣ ਦਾ ਇਹ ਉਪਰਾਲਾ ਵੀ ਉਸੇ ਸਮੇਂ ਸ਼ੁਰੂ ਕੀਤਾ ਗਿਆ ਹੈ ਜਦੋਂ ਓਨਟਾਰੀਓ ਦੇ ਆਟੋ ਇੰਸ਼ੋਰੈਂਸ ਰੇਟ ਰੈਗੂਲੇਸ਼ਨ ਸਿਸਟਮ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਇਸ ਨੂੰ ਵਿੱਤ ਮੰਤਰਾਲੇ ਤੇ ਫਾਇਨਾਂਸ਼ੀਅਲ ਸਰਵਿਸਿਜ਼ ਰੈਗੂਲੇਟਰੀ ਅਥਾਰਟੀ ਆਫ ਓਨਟਾਰੀਓ ਵੱਲੋਂ ਸਾਂਝੇ ਤੌਰ ਉੱਤੇ ਕਰਵਾਇਆ ਜਾ ਰਿਹਾ ਹੈ।

ਇਸ ਮੁਲਾਂਕਣ ਤਹਿਤ ਹੋਰਨਾਂ ਖੇਤਰਾਂ ਦੇ ਰੁਝਾਨਾਂ ਦੀ ਜਾਂਚ ਕੀਤੀ ਜਾਵੇਗੀ ਤੇ ਹੋਰ ਕਾਬਲੀਅਤ ਹਾਸਲ ਕਰਨ ਲਈ ਮੌਕਿਆਂ ਦੀ ਤਲਾਸ਼ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸਿਸਟਮ ਵਿੱਚ ਵਧੇਰੇ ਮੁਕਾਬਲੇਬਾਜ਼ੀ ਵੀ ਲਿਆਂਦੀ ਜਾਵੇਗੀ। ਅਜਿਹਾ ਕਰਕੇ ਫੋਰਡ ਸਰਕਾਰ ਓਨਟਾਰੀਓ ਵਿੱਚ ਇੰਸ਼ੋਰੈਂਸ ਦੀਆਂ ਦਰਾਂ ਨੂੰ ਨਿਯੰਤਰਿਤ ਕਰਨਾ ਚਾਹੁੰਦੀ ਹੈ ਤੇ ਇਸ ਦੇ ਨਾਲ ਹੀ ਸਿਸਟਮ ਦਾ ਆਧੁਨਿਕੀਕਰਨ ਵੀ ਕਰਨਾ ਚਾਹੁੰਦੀ ਹੈ।

- ਇਸ ਦੌਰਾਨ ਮਿਲਟਨ ਤੋਂ ਐਮਪੀਪੀ ਪਰਮ ਗਿੱਲ ਦੇ ਪ੍ਰਸਤਾਵਿਤ ਬਿੱਲ ਉੱਤੇ ਵੀ ਕੰਮ ਕੀਤਾ ਜਾ ਰਿਹਾ ਹੈ। ਜੇ ਇਸ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਸ ਨਾਲ ਡਰਾਈਵਰਾਂ ਨੂੰ ਵੱਡੀ ਰਾਹਤ ਮਿਲੇਗੀ ਤੇ ਉਨ੍ਹਾਂ ਨਾਲ ਸਿਰਫ ਇਸ ਕਾਰਨ ਵਿਤਕਰਾ ਨਹੀਂ ਕੀਤਾ ਜਾ ਸਕਦਾ ਕਿ ਉਹ ਕਿੱਥੇ ਰਹਿੰਦੇ ਹਨ।
- ਇਸ ਦੇ ਨਾਲ ਹੀ ਵਧੇਰੇ ਆਧੁਨਿਕ ਆਟੋ ਇੰਸ਼ੋਰੈਂਸ ਸੈਕਟਰ, ਜਿਸ ਵਿੱਚ ਇਲੈਕਟ੍ਰੌਨਿਕ ਕਮਿਊਨਿਕੇਸ਼ਨਜ਼, ਆਟੋ ਇੰਸ਼ੋਰੈਂਸ ਦਾ ਇਲੈਕਟ੍ਰੌਨਿਕ ਸਬੂਤ ਹੋਵੇ, ਲਈ ਖਰੜਾ ਤਿਆਰ ਕਰਨਾ
- ਇਸ ਤੋਂ ਇਲਾਵਾ ਪੂਰੀ ਤਰ੍ਹਾਂ ਇਲੈਕਟ੍ਰੌਨਿਕ ਵਪਾਰ ਬਣਾਉਣਾ, ਜਿਵੇਂ ਕਿ ਅਜੋਕੇ ਸਮੇਂ ਵਿੱਚ ਹੋਰਨਾਂ ਵਿੱਤੀ ਸੰਸਥਾਵਾਂ-ਬੈਂਕ ਤੇ ਕ੍ਰੈਡਿਟ ਯੂਨੀਅਨਜ਼ ਵੱਲੋਂ ਮੁਹੱਈਆ ਕਰਵਾਏ ਜਾ ਰਹੇ ਹਨ।

ਫੈਡੇਲੀ ਨੇ ਆਖਿਆ ਕਿ ਆਟੋ ਇੰਸ਼ੋਰੈਂਸ ਦੀ ਘੱਟ ਦਰਾਂ ਤੋਂ ਭਾਵ ਹੈ ਕਿ ਅਸੀਂ ਵਧੇਰੇ ਪੈਸਾ ਟੈਕਸਦਾਤਾਵਾਂ ਦੀ ਜੇਬ੍ਹ ਵਿੱਚ ਪਾ ਰਹੇ ਹਾਂ।


# AMAN TRAVEL
# ਅਮਨ ਟਰੈਵਲ
SPECIAL FARES TO DELHI & AMRITSAR
TICO # 50022741

LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4


# ਓਸ਼ਵਾ ਪਲਾਂਟ ਜਾਰੀ ਰੱਖਣ ਦੇ ਯੂਨੀਫੌਰ ਦੇ ਪ੍ਰਸਤਾਵ ਨੂੰ ਜੀਐਮ ਨੇ ਠੁਕਰਾਇਆ

...ਪੰਨਾ 1 ਦਾ ਬਾਕੀ

ਵਿੰਡਸਰ, ਓਨਟਾਰੀਓ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਇਸ ਨੇ ਆਖਿਆ ਕਿ ਕਾਰਪੋਰੇਸ਼ਨ ਦੇ ਇਸ ਤਰ੍ਹਾਂ ਦੇ ਰਵੱਈਏ ਤੇ ਪ੍ਰਤੀਕਿਰਿਆ ਤੋਂ ਉਹ ਕਾਫੀ ਨਿਰਾਸ਼ ਹਨ। ਦੂਜੇ ਪਾਸੇ ਜੀਐਮ ਕੈਨੇਡਾ ਦੇ ਕਾਰ-ਪੋਰੇਟ ਮਾਮਲਿਆਂ ਦੇ ਵਾਈਸ ਪ੍ਰੈਜ਼ੀਡੈਂਟ ਡੇਵਿਡ ਪੈਟਰਸਨ ਨੇ ਆਖਿਆ ਕਿ ਯੂਨੀਅਨ ਵੱਲੋਂ ਸੁਝਾਏ ਗਏ ਬਦਲ, ਜਿਨ੍ਹਾਂ ਵਿੱਚ ਇਸ ਪਲਾਂਟ ਉੱਤੇ ਤਿਆਰ ਕੀਤੀਆਂ ਜਾਣ ਵਾਲੀਆਂ ਸ਼ੈਵੀ ਇੰਪਾਲਾ ਤੇ ਕੈਡੀਲੈਕ ਐਕਸਟੀਐਸ ਦੇ ਪਸਾਰ ਜਾਂ ਮੈਕਸਿਕੋ ਸ਼ਿਫਟ ਕੀਤੇ ਜਾਣ ਵਾਲੇ ਉਤਪਾਦਨ ਨੂੰ ਵਿੰਡਸਰ ਵਾਲੇ ਪਲਾਂਟ ਨੂੰ ਸੌਂਪਣਾ ਸ਼ਾਮਲ ਹਨ, ਆਰਥਿਕ ਪੱਖੋਂ ਸਹੀ ਨਹੀਂ ਹਨ।

ਉਨ੍ਹਾਂ ਆਖਿਆ ਕਿ ਅਸੀਂ ਸਾਰੇ ਹੀ ਪ੍ਰਸਤਾਵਾਂ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ ਹੈ ਪਰ ਇਸ ਨਾਲ ਕੋਈ ਮਸਲਾ ਹੱਲ ਨਹੀਂ ਹੋਣ ਵਾਲਾ। ਪੈਟਰਸਨ ਨੇ ਫੋਨ ਉੱਤੇ ਦਿੱਤੀ ਇੱਕ ਇੰਟਰਵਿਊ ਵਿੱਚ ਆਖਿਆ ਕਿ ਇਹ ਸੱਭ ਜਿੱਥੇ ਕਾਫੀ ਮਹਿੰਗਾ ਹੋਵੇਗਾ ਉੱਥੇ ਹੀ ਘੱਟ ਸਮਰੱਥਾ ਵਾਲੇਸ ਓਸ਼ਵਾ ਪਲਾਂਟ ਵਾਲੇ ਹੋਰ ਉਤਪਾਦਾਂ ਨੂੰ ਸ਼ਿਫਟ ਕਰਨਾ ਕਾਫੀ ਮਹਿੰਗਾ ਤੇ ਸਮਾਂ ਖਾਣ ਵਾਲਾ ਹੋਵ-ੇਗਾ। ਪੈਟਰਸਨ ਨੇ ਇਹ ਵੀ ਆਖਿਆ ਕਿ ਕੰਪਨੀ ਨੂੰ ਪਤਾ ਹੈ ਕਿ 2600 ਕਰਮਚਾਰੀਆਂ ਨੂੰ ਪੈਨਸ਼ਨ ਦੇਣੀ ਵੀ ਬਣਦੀ ਹੈ। ਇਸ ਦੇ ਨਾਲ ਹੀ ਰਿਟਾਇਰਮੈਂਟ ਫਾਇਦਿਆਂ ਦੇ ਰੂਪ ਵਿੱਚ ਹਰ ਮਹੀਨੇ 3500 ਡਾਲਰ, 20,000 ਡਾਲਰ ਦਾ ਕਾਰ ਵਾਊਚਰ ਤੇ 50,000 ਡਾਲਰ ਦੀ ਉੱਕਾ ਪੁੱਕਾ ਰਕਮ ਵੀ ਮਿਲੇਗੀ।

ਡਾਇਸ ਨੇ ਆਖਿਆ ਕਿ ਉਹ ਓਸ਼ਵਾ ਵਾਲੇ ਪਲਾਂਟ ਦੇ ਖਾਤਮੇ ਨੂੰ ਸਵੀਕਾਰ ਨਹੀਂ ਕਰ ਸਕਦੇ। ਕੰਪਨੀ ਵੀ ਮੀਟਿੰਗ ਦੌਰਾਨ ਇਹ ਮੰਨ ਚੁੱਕੀ ਹੈ ਕਿ ਪਲਾਂਟ ਦਾ ਉਤਪਾਦਨ ਵਧਾਇਆ ਜਾਣਾ ਸੰਭਵ ਹੈ।


**UK TRUCK TRAINING CENTRE**
ukttc
PCC #179958
Registered as a Private Careers College
Forklift $79 Recertification

Kuldip Singh Grewal
647.894.8590
→ Automatic & Manual Trucks
○1:1 Training
Air Brake Classes
Sat-Sun 8am to 4pm
→ Forklift Training
Counterbalance
Reach Truck
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2



**ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼**
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593



**ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ**

• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677



**SherGill Law Firm**
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636

Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਬੇਅਦਬੀ ਕਾਂਡਾਂ ਦੇ ਜਾਂਚ ਕਰਤਾ ਜਸਟਿਸ ਜ਼ੋਰਾ ਸਿੰਘ ਵੱਲੋਂ ਅਹਿਮ ਖੁਲਾਸੇ

ਚੰਡੀਗੜ੍ਹ, 9 ਜਨਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਚੁੱਕੇ ਜਸਟਿਸ (ਰਿਟ-ਾਇਰਡ) ਜ਼ੋਰਾ ਸਿੰਘ ਨੇ ਸਾਢੇ ਤਿੰਨ ਸਾਲ ਪਹਿਲਾਂ ਪੰਜਾਬ ਵਿੱਚ ਵਾਪਰੇ ਬੇਅਦਬੀ ਕਾਂਡਾਂ ਅਤੇ ਬਹਿਬਲ ਕਲਾਂ ਦੇ ਗੋਲੀ ਕਾਂਡ ਦੇ ਸੰਬੰਧ ਵਿੱਚ ਅਹਿਮ ਜਾਣਕਾਰੀ ਵਾਲੇ ਖੁਲਾਸੇ ਕੀਤੇ ਹਨ।



ਅੱਜ ਏਥੇ ਆਮ ਆਦਮੀ ਪਾਰਟੀ ਵਲੋਂ ਕਰਵਾਈ ਪ੍ਰੈਸ ਕਾਨਫਰੰਸ ਵਿੱਚ ਇਸ ਪਾਰਟੀ ਦੇ ਸੀਨੀਅਰ ਆਗੂ ਅਮਨ ਅਰੋੜਾ ਨੇ ਵੇਰਵੇ ਸਹਿਤ ਦੱਸਿਆ ਕਿ ਕਿਵੇਂ ਅਕਾਲੀਆਂ ਨੇ ਬੇਅਦਬੀ ਕੇਸਾਂ ਉੱਤੇ ਆਪਣੇ ਵੱਲੋਂ ਕਾਇਮ ਕੀਤੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਤੱਕ ਨਹੀਂ ਸੀ ਲਈ ਅਤੇ ਫਿਰ ਚੋਣਾਂ ਜਿੱਤਣ ਤੋਂ ਬਾਅਦ ਕਾਂਗਰਸ ਪਾਰਟੀ ਨੇ ਵੀ ਰਾਜ ਦੀ ਕਮਾਨ ਸਾਂਭਣ ਦੇ ਬਾਅਦ ਇਸ ਰਿਪੋਰਟ ਵੱਲ ਕੋਈ ਧਿਆਨ ਨਹੀਂ ਦਿੱਤਾ।

ਇਸ ਸੰਬੰਧ ਵਿੱਚ ਜਸਟਿਸ ਜ਼ੋਰਾ ਸਿੰਘ ਨੇ ਦਾਅਵਾ ਕੀਤਾ ਕਿ ਨਵੀਂ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਦੇ ਅਧਿਕਾਰੀਆਂ ਨੇ ਵੀ ਇਨ੍ਹਾਂ ਬੇਅਦਬੀ ਕਾਂਡਾਂ ਦੇ ਸ਼ੱਕੀ ਵਿਅਕਤੀਆਂ ਕੋਲੋਂ ਕੋਈ ਪੁੱਛਗਿੱਛ ਨਹੀਂ ਕੀਤੀ, ਜਿਸ ਕਾਰਨ ਸਹੀ ਨਤੀਜੇ ਸਾਹਮਣੇ ਨਹੀਂ ਆ ਸਕੇ। ਜਸਟਿਸ ਜ਼ੋਰਾ ਸਿੰਘ ਨੇ ਇਨ੍ਹਾਂ ਸ਼ੱਕੀ ਕਿਸਮ ਦੇ ਲੋਕਾਂ ਦੇ ਨਾਂ ਰਾਜਵਿੰਦਰ ਸਿੰਘ, ਸੂਬੇਦਾਰ ਗੁਰਜੰਟ ਸਿੰਘ, ਹਰਦੇਵ ਸਿੰਘ, ਗ੍ਰੰਥੀ ਰਣਜੀਤ ਸਿੰਘ, ਗੋਰਾ ਸਿੰਘ ਅਤੇ ਟੇਲਰ ਮਾਸਟਰ ਦੱਸੇ ਹਨ।

ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਅਰੋੜਾ ਨੇ ਦੱਸਿਆ ਕਿ ਅਕਾਲੀ-ਭਾਜਪਾ ਸਰਕਾਰ ਨੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਬਣਾਇਆ ਸੀ ਤੇ ਜਦੋਂ ਉਨ੍ਹਾਂ ਨੇ ਜਾਂਚ ਪੂਰੀ ਕਰ ਲਈ ਤਾਂ ਇਸ ਬਾਰੇ ਰਿਪੋਰਟ ਦੇਣ ਵਾਸਤੇ ਅਕਾਲੀ-ਭਾਜਪਾ ਸਰਕਾਰ ਦੇ ਵਕਤ ਉਹ 5 ਘੰਟਿਆਂ ਤੱਕ ਮੁੱਖ ਮੰਤਰੀ ਦਫਤਰ ਦੇ ਬਾਹਰ ਫਾਈਲ ਫੜ ਕੇ ਬੈਠੇ ਰਹੇ, ਪਰ ਉਨ੍ਹਾਂ ਦੀ ਰਿਪੋਰਟ ਲੈਣ ਕੋਈ ਨਹੀਂ ਆਇਆ ਤੇ ਅਖੀਰ ਵਿੱਚ ਉਨ੍ਹਾਂ ਨੇ ਆਪਣੀ ਰਿਪੋਰਟ ਇਕ ਚਪੜਾਸੀ ਨੂੰ ਦਿੱਤੀ ਸੀ। ਉਨ੍ਹਾਂ ਨੇ ਬੇਅਦਬੀ ਕੇਸਾਂ ਲਈ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸ ਦੇ ਨਾਲ ਕਈ ਖੁਲਾਸੇ ਹੋਰ ਵੀ ਕੀਤੇ ਹਨ।

# ਉੱਚ ਜਾਤਾਂ ਲਈ ਰਾਖਵਾਂਕਰਨ ਦਾ ਬਿੱਲ ਰਾਜ ਸਭਾ ਵਿੱਚ ਵੀ ਪਾਸ

ਨਵੀਂ ਦਿੱਲੀ, 9 ਜਨਵਰੀ, (ਪੋਸਟ ਬਿਊਰੋ)- ਭਾਰਤੀ ਪਾਰਲੀਮੈਂਟ ਦੇ ਉਤਲੇ ਸਦਨ ਰਾਜ ਸਭਾ ਵਿਚ ਮੋਦੀ ਸਰਕਾਰ ਦੇ ਇਤਿਹਾਸਕ ਫੈਸਲੇ ਹੇਠ ਦੇਰ ਰਾਤ ਲੰਮੀ ਬਹਿਸ ਤੋਂ ਬਾਅਦ ਉੱਚ ਜਾਤੀਆਂ ਨੂੰ 10 ਫੀਸਦੀ ਰਾਖਵਾਂਕਰਨ ਦੇਣ ਦਾ ਬਿਲ ਪਾਸ ਹੋ ਗਿਆ। ਇਸ ਬਿੱਲ ਬਾਰੇ ਰਾਜ ਸਭਾ ਵਿੱਚ ਕਈ ਘੰਟਿਆਂ ਤਕ ਜ਼ੋਰਦਾਰ ਬਹਿਸ ਹੋਈ ਤੇ ਇਹ 165 ਵੋਟਾਂ ਨਾਲ ਰਾਜ ਸਭਾ ਵਿੱਚ ਪਾਸ ਹੋ ਗਿਆ, ਪਰ ਇਸ ਦੇ ਵਿਰੋਧ ਵਿੱਚ ਵੀ 7 ਵੋਟਾਂ ਪਈਆਂ ਹਨ।



ਇਸ ਮੌਕੇ ਰਾਜ ਸਭਾ ਦੇ ਡਿਪਟੀ ਚੇਅਰਮੈਨ ਨੇ ਸਦਨ ਨੂੰ ਦੱਸਿਆ ਕਿ ਬਿੱਲ ਉੱਤੇ ਕਰੀਬ 10 ਘੰਟੇ ਚਰਚਾ ਹੋਈ ਹੈ, ਹਾਲਾਂਕਿ ਇਸ ਦੇ ਲਈ 8 ਘੰਟੇ ਸਮਾਂ ਤੈਅ ਕੀਤਾ ਗਿਆ ਸੀ। ਇਸ ਦੇ ਨਾਲ ਉਨ੍ਹਾਂ ਨੇ ਸਰਦ ਰੁੱਤ ਸੈਸ਼ਨ ਵਿੱਚ ਹੋਏ ਕੰਮ ਦਾ ਬਿਊਰਾ ਦਿੰਦੇ ਹੋਏ ਸਦਨ ਦੀ ਕਾਰਵਾਈ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਉੱਚ ਜਾਤਾਂ ਲਈ ਰਿਜ਼ਰਵੇਸ਼ਨ ਦਾ ਬਿੱਲ ਲੋਕ ਸਭਾ ਵਿੱਚ ਮੰਗਲਵਾਰ ਨੂੰ 323 ਵੋਟਾਂ ਨਾਲ ਪਾਸ ਹੋ ਗਿਆ ਸੀ। ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿੱਚ ਪਾਸ ਹੋਣ ਤੋਂ ਬਾਅਦ ਇਹ ਬਿੱਲ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਮਨਜ਼ੂਰੀ ਲਈ ਭੇਜਿਆ ਜਾਵੇਗਾ। ਉਨ੍ਹਾਂ ਦੀ ਮਨਜ਼ੂਰੀ ਮਿਲਣ ਪਿੱਛੋਂ ਇਹ ਬਿੱਲ ਕਾਨੂੰਨ ਬਣ ਜਾਵੇਗਾ। ਆਰਥਿਕ ਰੂਪ ਤੋਂ ਪਿਛੜੇ ਵਰਗਾਂ ਨੂੰ ਸਿੱਖਿਆ ਤੇ ਸਰਕਾਰੀ ਨੌਕਰੀਆਂ ਦਾ 10 ਫੀਸਦੀ ਰਾਖਵਾਂਕਰਨ ਦੇਣ ਲਈ ਮੋਦੀ ਸਰਕਾਰ ਵੱਲੋਂ ਅੱਜ ਇਹ ਸੰਵਿਧਾਨ ਸੋਧ ਬਿੱਲ ਭਾਜਪਾ ਨੇਤਾ ਅਤੇ ਕੇਂਦਰੀ ਮੰਤਰੀ ਥਾਵਰਚੰਦ ਗਹਿਲੋਤ ਨੇ ਰਾਜ ਸਭਾ ਵਿੱਚ ਪੇਸ਼ ਕੀਤਾ। ਇਸ ਮੌਕੇ ਗਹਿਲੋਤ ਨੇ ਕਿਹਾ ਕਿ ਇਹ ਬਿੱਲ ਗਰੀਬਾਂ ਦੇ ਹਿੱਤ ਵਿਚ ਹੈ ਅਤੇ ਸਰਕਾਰ ਨੇ ਸੋਚ-ਵਿਚਾਰ ਕੇ ਇਸ ’ਤੇ ਫੈਸਲਾ ਲਿਆ ਹੈ, ਜਿਸ ਨੂੰ ਲੋਕ ਸਭਾ ਪ੍ਰਵਾਨ ਕਰ ਚੁੱਕੀ ਹੈ।

ਬਿੱਲ ਉੱਤੇ ਬਹਿਸ ਵੇਲੇ ਭਾਜਪਾ ਨੇਤਾ ਪ੍ਰਭਾਤ ਝਾਅ ਨੇ ਕਿਹਾ ਕਿ ਰਾਹੁਲ ਗਾਂਧੀ ਨੂੰ ਸਵੇਰੇ-ਸ਼ਾਮ ਸਿਰਫ ਰਾਫੇਲ ਹੀ ਨਜ਼ਰ ਆਉਂਦਾ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਵਿੱਚ ਹਿੰਮਤ ਹੈ ਤਾਂ ਰਾਖਵਾਂਕਰਨ ਬਿੱਲ ਉੱਤੇ ਗੱਲ ਕਰਨ। ਉਨ੍ਹਾਂ ਨੇ ਕਿਹਾ ਕਿ ਭਾਰਤ ਵਿਚ ਪਹਿਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੈ, ਜਿਸ ਨੇ ਗਰੀਬਾਂ ਦੇ ਲਈ ਰਾਖਵੇਂਕਰਨ ਦਾ ਮੁੱਦਾ ਚੁੱਕਿਆ ਹੈ। ਪ੍ਰਭਾਤ ਝਾਅ ਨੇ ਕਿਹਾ ਕਿ ਸਿਰਫ ਵਿਰੋਧ ਕਰਨ ਲਈ ਹੀ ਰਾਖਵਾਂਕਰਨ ਬਿੱਲ ਦਾ ਵਿਰੋਧ ਨਾ ਕਰੀਏ, ਇਸ ਦਾ ਲਾਭ ਹਰ ਭਾਰਤੀ ਨੂੰ ਮਿਲੇਗਾ। ਇਹ ਬਿੱਲ 95 ਫੀਸਦੀ ਆਬਾਦੀ ਦੀ ਆਵਾਜ਼ ਹੈ।

ਕਾਂਗਰਸ ਨੇਤਾ ਆਨੰਦ ਸ਼ਰਮਾ ਨੇ ਰਾਜ ਸਭਾ ਵਿਚ ਬਿੱਲ ਉੱਤੇ ਚਰਚਾ ਦੇ ਦੌਰਾਨ ਮੋਦੀ ਸਰਕਾਰ ਦੇ ਫੈਸਲੇ ਉੱਤੇ ਸਵਾਲ ਖੜ੍ਹੇ ਕੀਤੇ ਤੇ ਕਿਹਾ ਕਿ ਕਮਜ਼ੋਰ ਵਰਗਾਂ ਨੂੰ 10 ਫੀਸਦੀ ਰਾਖਵਾਂਕਰਨ ਦੇਣ ਦਾ ਫੈਸਲਾ ਸਰਕਾਰ ਨੇ ਆਪਣੇ ਰਾਜ ਦੇ ਆਖਰੀ ਸੈਸ਼ਨ ਵਿਚ ਹੀ ਕਿਉਂ ਪੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈਂ ਬਿੱਲ ਦਾ ਵਿਰੋਧ ਨਹੀਂ ਕਰ ਰਿਹਾ, ਪਰ ਇਸ ਦੀ ਟਾਈਮਿੰਗ ਉੱਤੇ ਕਈ ਸਵਾਲ ਖੜ੍ਹੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ 4 ਸਾਲ ਤੋਂ ਸੱਤਾ ਵਿਚ ਹੈ ਅਤੇ ਇਸ ਬਿੱਲ ਦੀ ਗੱਲ ਪਾਰਲੀਮੈਂਟ ਦੇ ਆਖਰੀ ਸੈਸ਼ਨ ਵਿਚ ਆਈ ਹੈ। ਆਨੰਦ ਸ਼ਰਮਾ ਰੋਜ਼ਗਾਰ ਦੇ ਮੁੱਦੇ ਤੋਂ ਵੀ ਸਰਕਾਰ ਉੱਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਵਿਚ ਨੌਕਰੀਆਂ ਹੀ ਨਹੀਂ ਹਨ, ਜੋ ਨੌਕਰੀਆਂ ਹੁੰਦੀਆਂ ਸਨ, ਉਹ ਵੀ ਘੱਟ ਹੋਈ ਜਾਂਦੀਆਂ ਹਨ। ਕੇਂਦਰ ਸਰਕਾਰ ਜਿਹੜਾ ਰਾਖਵਾਂਕਰਨ ਲਿਆਈ ਹੈ, ਜੇ ਇਸ ਆਧਾਰ ਉੱਤੇ ਨੌਕਰੀਆਂ ਮਿਲਣਗੀਆਂ ਤਾਂ ਇਸ ਨੂੰ ਲਾਗੂ ਕਰਨ ਵਿਚ 800 ਸਾਲ ਲੱਗ ਜਾਣਗੇ। ਉਨ੍ਹਾਂ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਪੁੱਛਿਆ ਕਿ 8 ਲੱਖ ਰੁਪਏ ਤੋਂ ਵੱਧ ਆਮਦਨ ਵਾਲੇ ਲੋਕ ਇਸ ਦੇਸ਼ ਵਿਚ ਕਿੰਨੇ ਹਨ। ਆਨੰਦ ਸ਼ਰਮਾ ਨੇ ਦੱਸਿਆ ਕਿ ਇਸ ਫੈਸਲੇ ਨਾਲ 90 ਫੀਸਦੀ ਜਨਸੰਖਿਆ ਕਵਰ ਹੋ ਜਾਣੀ ਹੈ, ਜਿਸ ਵਿੱਚੋਂ 50 ਫੀਸਦੀ ਲਈ ਪਹਿਲਾਂ ਹੀ ਰਾਖਵਾਂਕਰਨ ਲਾਗੂ ਹੈ। ਬਾਕੀ 48 ਫੀਸਦੀ ਹਿੱਸੇ ਨੂੰ ਵੀ ਰਾਖਵਾਂਕਰਨ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਏਦਾਂ ਦਾ ਰਾਖਵਾਂਕਰਨ ਦੇਣ ਦੀ ਕੋਸ਼ਿਸ਼ ਪਿਛਲੀਆਂ ਸਰਕਾਰਾਂ ਨੇ ਕੀਤੀ ਸੀ, ਪਰ ਅਦਾਲਤ ਨੇ ਇਸ ਨੂੰ ਰੱਦ ਕਰ ਦਿੱਤਾ ਸੀ। ਮੈਨੂੰ ਆਸ ਹੈ ਕਿ ਸਰਕਾਰ ਇਸ ਦੇ ਪੱਖ ਬਾਰੇ ਸੋਚ-ਵਿਚਾਰ ਕਰ ਕੇ ਹੀ ਬਿੱਲ ਲਿਆਈ ਹੋਵੇਗੀ। ਕਾਂ-ਗਰਸ ਪਾਰਲੀਮੈਂਟ ਮੈਂਬਰ ਕਪਿਲ ਸਿੱਬਲ ਨੇ ਕਿਹਾ ਕਿ ਬਿੱਲ ਲਿਆਉਣ ਤੋਂ ਪਹਿਲਾਂ ਕੀ ਸਰਕਾਰ ਨੇ ਕੋਈ ਡਾਟਾ ਵੀ ਤਿਆਰ ਕੀਤਾ ਹੈ। ਬਿਨਾਂ ਕਿਸੇ ਡਾਟਾ ਤੇ ਰਿਪੋਰਟ ਦੇ ਤੁਸੀਂ ਸੰਵਿਧਾਨ ’ਚ ਸੋਧ ਕਰਨ ਲੱਗੇ ਹੋ। ਇਕ ਪਾਸੇ 2.5 ਲੱਖ ਕਮਾਉਣ ਵਾ-ਲਿਆਂ ਨੂੰ ਟੈਕਸ ਦੇਣਾ ਪੈਂਦਾ ਹੈ, ਦੂਜੇ ਪਾਸੇ ਤੁਸੀਂ 8 ਲੱਖ ਕਮਾਉਣ ਵਾ-ਲਿਆਂ ਨੂੰ ਗਰੀਬ ਦੱਸ ਕੇ ਰਿਜ਼ਰਵੇਸ਼ਨ ਦੇ ਰਹੇ ਹੋ, ਫਿਰ ਤੁਸੀਂ ਇਨਕਮ ਟੈਕਸ ਹੱਦ ਨੂੰ ਵੀ 8 ਲੱਖ ਰੁਪਏ ਤੋਂ ਸ਼ੁਰੂ ਕਰ ਦਿਓ, ਤਾਂ ਕਿ ਗਰੀਬਾਂ ਨੂੰ ਟੈਕਸ ਨਾ ਦੇਣਾ ਪਵੇ।

# ਐਮ ਪੀ ਕਮਲ ਖੈਰ੍ਹਾ ਨੇ ਬਰੈਂਪਟਨ ਵੈਸਟ ਦੇ ਵਿਭਿੰਨ ਭਾਈਚਾਰਿਆਂ ਨੂੰ ਇੱਕ ਜੁੱਟ ਕਰਨ ਲਈ ਕੀਤਾ ਨਵੇਂ ਸਾਲ ਦਾ ਜਸ਼ਨ

ਬਰੈਂਪਟਨ ਪੋਸਟ ਬਿਊਰੋ- ਬਰੈਂਪਟਨ ਵੈਸਟ ਤੋਂ ਮੈਂਬਰ ਪਾਰਲੀਮੈਂਟ ਕਮਲ ਖੈਰ੍ਹਾ ਨੇ 6 ਜਨਵਰੀ 2019 ਦਿਨ ਐਤਵਾਰ ਨੂੰ ਆਪਣੇ ਦਫ਼ਤਰ ਵਿਖੇ ਨਵੇਂ ਸਾਲ ਦੇ ਜਸ਼ਨਾਂ ਦਾ ਆਯੋਜਨ ਕੀਤਾ। ਇਸ ਈਵੈਂਟ ਨੇ ਬਰੈਂਪਟਨ ਵੈਸਟ ਦੇ ਵਿਭਿੰਨ ਨਿਵਾਸੀਆਂ ਨੂੰ ਇੱਕ ਮੰਚ ਉੱਤੇ ਇਕੱਤਰ ਕੀਤਾ ਜਿਹਨਾਂ ਨੇ ਨਵੇਂ ਸਾਲ ਦਾ ਸੁਆਗਤ ਕਰਦੇ ਹੋਏ ਆਪਣੇ ਵਿਚਾਰ ਅਤੇ ਖਦਸ਼ੇ ਕਮਲ ਖੈਰ੍ਹਾ ਨਾਲ ਸਾਂਝੇ ਕੀਤੇ। ਇਸ ਸਫ਼ਲ ਈਵੈਂਟ ਵਿੱਚ ਸਿਰਫ਼ ਦਿਲ ਲੁਭਾਵਣਾ ਖਾਣਾ ਅਤੇ ਸੰਗੀਤ ਹੀ ਨਹੀਂ ਸੀ ਸਗੋਂ ਇਸ ਵਿੱਚ ਬਰੈਂਪਟਨ ਵੈਸਟ ਦੀ ਸੱਭਿਆਚਾਰਕ ਬਣਤਰ ਦੀ ਸਹੀ ਨੁਮਾਇੰਦਗੀ ਵੀ ਉਜਾਗਰ ਹੋਈ। ਬੀਬੀ ਖੈਰ੍ਹਾ ਨੇ 2019 ਵਿੱਚ ਕੀਤੇ ਜਾਣ ਵਾਲੇ ਉੱਦਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਉਸਦੇ ਦਫ਼ਤਰ ਵਿੱਚ ਉਪਲਬਧ ਸੇਵਾਵਾਂ ਬਾਰੇ ਵੀ ਚੇਤਾ ਕਰਵਾਇਆ। ਐਤਵਾਰ ਨੂੰ ਸਵੇਰ ਤੋਂ ਦੁਪਹਿਰ ਤੱਕ ਤਕਰੀਬਨ 400 ਲੋਕਾਂ ਨੇ 35 ਵੈਨ ਕਿਰਕ ਡਰਾਈਵ ਯੂਨਿਟ 10 ਵਿੱਚ ਆ ਕੇ ਹਾਜ਼ਰੀ ਭਰੀ ਅਤੇ ਬੀਬੀ ਖੈਰ੍ਹਾ ਨਾਲ ਗੱਲਬਾਤ ਕਰਨ ਦਾ ਅਵਸਰ ਹਾਸਲ ਕੀਤਾ। ਹਾਜ਼ਰੀਨਾਂ ਨੇ ਬੀਬੀ ਖੈਰ੍ਹਾ ਨਾਲ ਫੋਟੋਆਂ ਖਿਚਵਾਈਆਂ ਅਤੇ ਚਾਹ ਪਾਣੀ ਦਾ ਆਨੰਦ ਮਾਣਿ-ਆ। ਇਸ ਸਫ਼ਲ ਈਵੈਂਟ ਬਾਰੇ ਕਮਲ ਖੈਰ੍ਹਾ ਨੇ ਕਿਹਾ, “ਆਪਣੇ ਦੋਸਤਾਂ ਸਨੇਹੀਆਂ, ਸਮਰੱਥਕਾਂ ਅਤੇ ਹਲਕਾ ਵਾਸੀਆਂ ਵੱਲੋਂ ਇਸ ਸਾਲ ਦੇ ਪਹਿਲੇ ਐਤਵਾਰ ਮੈਨੂੰ ਮਿਲਣ ਲਈ ਸਮਾਂ ਕੱਢ ਕੇ ਆਉਣਾ ਨਿਮਾਣਾ ਬਣਾ ਦੇਣ ਵਾਲਾ ਅਨੁਭਵ ਹੈ। ਬਰੈਂਪਟਨ ਵੈਸਟ ਨਿਵਾਸੀ ਬਰੈਂਪਟਨ ਵਿੱਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਮੇਰੇ ਨਾਲ ਲਗਾਤਾਰ ਗੱਲਬਾਤ ਕਰਦੇ ਰਹਿੰਦੇ ਹਨ ਅਤੇ ਬਰੈਂਪਟਨ ਵੈਸਟ ਪ੍ਰਤੀ ਮੇਰੀ ਪ੍ਰਤੀਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹਨ। ਇਹੋ ਜਿਹੇ ਸਮਾਗਮ ਮੈਨੂੰ ਹਲਕਾ ਨਿਵਾਸੀਆਂ ਨਾਲ ਮਿਲਣ ਅਤੇ ਸੰਵਾਦ ਕਰਨ ਦਾ ਅਵਸਰ ਪ੍ਰਦਾਨ ਕਰਦੇ ਹਨ ਜਿਸ ਸਦਕਾ ਉਸ ਉਸਾਰੂ ਬਦਲਾਅ ਨੂੰ ਸੇਧ ਮਿਲਦੀ ਹੈ ਜਿਸਨੂੰ ਲਿਆਉਣ ਲਈ ਸਾਡੀ ਸਰਕਾਰ 2015 ਤੋਂ ਕੰਮ ਕਰਦੀ ਆ ਰਹੀ ਹੈ।”




# ਮੁਕਤਸਰ ਨਿਵਾਸੀਆਂ ਵੱਲੋਂ ਚਾਲੀ ਮੁਕਤਿਆਂ ਦੀ ਯਾਦ ’ਚ ਅਖੰਡ ਪਾਠ ਦੇ ਭੋਗ 13 ਨੂੰ

ਬਰੈਂਪਟਨ, (ਡਾ. ਝੰਡ) -ਪ੍ਰਾਪਤ ਜਾਣਕਾਰੀ ਅਨੁਸਾਰ ਸ੍ਰੀ ਮੁਕਤਸਰ ਇਲਾਕੇ ਦੀ ਸੰਗਤ ਵੱਲੋਂ ਚਾਲੀ ਮੁਕਤਿਆਂ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ ਗੁਰਬਾਣੀ ਦੇ ਅਖੰਡ ਪਾਠ ਦੇ ਭੋਗ 13 ਜਨਵਰੀ ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਸਿੱਖ ਸੰਗਤ, 32 ਰੀਗਨ ਰੋਡ ਵਿਖੇ ਪਾਏ ਜਾ ਰਹੇ ਹਨ ਜੋ ਕਿ ਬੋਵੇਰਡ ਅਤੇ ਵੈਨ ਕਿਰਕ ਰੋਡ ਦੇ ਇੰਟਰਸੈੱਕਸ਼ਨ ਦੇ ਨੇੜੇ ਸਥਿਤ ਹੈ। ਇਸ ਮੌਕੇ ਮੁਕਤਸਰ ਇਲਾਕੇ ਦੀ ਸਮੂਹ ਸੰਗਤ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ। ਗੁਰੂ ਘਰ ਦੀ ਹਾਜ਼ਰੀ ਭਰਨ ਅਤੇ ਸੇਵਾ ਕਰਨ ਦੀ ਸਾਰੀ ਸੰਗਤ ਨੂੰ ਵਿਸ਼ੇਸ਼ ਤੌਰ 'ਤੇ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਹੋਰ ਜਾਣਕਾਰੀ ਲਈ ਹੇਠ ਲਿਖੇ ਫ਼ੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:

ਗ਼ਮਦੂਰ ਵੜਿੰਗ (ਵੜਿੰਗ) 647-855-0895, ਨੀਤੂ ਬਰਾੜ (ਗੋਨਿਆਨਾ) 905-921-9990, ਹਰਜੀਤ ਬਰਾੜ (ਉਦੇ ਕਰਨ) 416-804-3735, ਕੁਲਦੀਪ ਬਰਾੜ (ਮਧੀਰ) 416-804-3735 ਸ਼ੇਰਬਾਜ ਬਰਾੜ (ਸੋਠਾ) 416-671-6427

# ਆਹਲੂਵਾਲੀਆ ਐਸੋਸੀਏਸ਼ਨ ਆਫ਼ ਨਾਰਥ ਅਮਰੀਕਾ ਵੱਲੋਂ 'ਲੋਹੜੀ ਗਾਲਾ ਨਾਈਟ' 12 ਨੂੰ

ਸਮਾਗ਼ਮ ਦੇ ਮੁੱਖ-ਮਹਿਮਾਨ ਮੇਅਰ ਪੈਟ੍ਰਿਕ ਬਰਾਊਨ ਹੋਣਗੇ

ਬਰੈਂਪਟਨ, (ਡਾ. ਝੰਡ) -ਮਹਿੰਦਰ ਸਿੰਘ ਵਾਲੀਆ ਤੋਂ ਪ੍ਰਾਪਤ ਸੂਚਨਾ ਅਨੁਸਾਰ ਆਹਲੂਵਾਲੀਆ ਐਸੋਸੀਏਸ਼ਨ ਆਫ਼ ਨਾਰਥ ਅਮੈਰਿਕਾ ਦੀ ਕਾਰਜਕਾਰਨੀ ਦੀ ਮੀਟਿੰਗ ਬੀਤੇ ਦਿਨੀਂ ਪ੍ਰਧਾਨ ਟੌਮੀ ਵਾਲੀਆ ਦੀ ਪ੍ਰਧਾਨਗੀ ਹੇਠ 'ਤੰਦੂਰੀ ਨਾਈਟਸ' ਵਿਖੇ ਹੋਈ ਜਿਸ ਵਿਚ ਫ਼ੈਸਲਾ ਕੀਤਾ ਗਿਆ ਕਿ ਐਸੀਏਸ਼ਨ ਵੱਲੋਂ ਲੋਹੜੀ ਗਾਲਾ ਨਾਈਟ 12 ਜਨਵਰੀ ਦਿਨ ਸ਼ਨੀਵਾਰ ਸ਼ਾਮ ਦੇ 6.30 ਵਜੇ 'ਕੈਟਰੀਨਾ ਬੈਂਕੁਇਟ ਹਾਲ' ਮਿਸੀਸਾਗਾ ਵਿਖੇ ਮਨਾਈ ਜਾਏਗੀ। ਇਸ ਲੋਹੜੀ ਗਾਲਾ ਨਾਈਟ ਵਿਚ ਹਰੇਕ ਵਰਗ ਲਈ ਪਕਵਾਨਾਂ, ਡਾਂਸ, ਭੰਗੜਾ, ਗਿੱਧਾ, ਜਾਗੋ ਤੇ ਗੀਤ-ਸੰਗੀਤ ਦਾ ਪ੍ਰਬੰਧ ਕੀਤਾ ਜਾਏਗਾ ਅਤੇ ਸਮਾਗ਼ਮ ਵਿਚ ਪਹਿਲੀ ਵਾਰ ਬੱਚਿਆਂ ਲਈ ਫ਼ੈਂਸੀ ਡਰੈੱਸ, ਕੱਪਲ ਡਾਂਸ, ਗੋਲ-ਗੱਪਾ ਕੰਪੀਟੀਸ਼ਨ, ਫ਼ੋਟੋ ਬੂਥ, ਵਗ਼ੈਰਾ ਦਾ ਇੰਤਜ਼ਾਮ ਕੀਤਾ ਜਾ ਰਿਹਾ ਹੈ। ਇਸ ਮੌਕੇ ਨਵ-ਜੰਮੇਂ ਬੱਚਿਆਂ ਅਤੇ ਨਵੇਂ ਵਿਆਹੇ ਹੋਏ ਜੋੜਿਆਂ ਦਾ ਵੀ ਸਨਮਾਨ ਕੀਤਾ ਜਾਏਗਾ।

ਇਸ ਦਿਲਚਸਪ ਸਮਾਗ਼ਮ ਲੱਗਭੱਗ ‘ਸੋਲਡ-ਆਊਟ’ ਹੈ ਅਤੇ ਕੇਵਲ ਕੁਝ ਕੁ ਟਿਕਟਾਂ ਹੀ ਬਾਕੀ ਬਚੀਆਂ ਹਨ। ਪ੍ਰੋਗਰਾਮ ਅਤੇ ਟਿਕਟਾਂ ਸਬੰਧੀ ਵਧੇਰੇ ਜਾਣਕਾਰੀ ਲਈ ਬਰਜਿੰਦਰ (ਟੌਮੀ) ਵਾਲੀਆ ਨੂੰ 647-242-8100, ਕਿੰਗ਼ ਵਾਲੀਆ ਨੂੰ 416-804-4122 ਜਾਂ ਵਿਸ਼ ਵਾਲੀਆ ਨੂੰ 647-330-1664 'ਤੇ ਸੰਪਰਕ ਕੀਤਾ ਜਾ ਸਕਦਾ ਹੈ।








Paramjit Deol Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

Business for Sale

TORONTO $99,000 — Photo Not Available — 2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।

HALTON HILLS $179,000 — 148 Guelph St : ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਬ੍ਰੈਂਡਡ ਪਿਜ਼ਾ ਸ਼ਾਪ ਜੋਰਜ ਟਾਉਨ ਵਿੱਚ, ਸਕੂਲ ਦੇ ਨੇੜੇ, ਬਹੁਤ ਹੀ ਘੱਟ ਰੈਂਟ ਸਿਰਫ $2,978, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $199,000 — 545 Steeles Ave W : ਬਹੁਤ ਹੀ ਵਧੀਆ ਚੱਲ ਰਿਹਾ ਰੈਸਟੋਰੈਂਟ, ਸ਼ਵਰਮਾ ਹਾਊਸ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੋ, ਸ਼ੇਰਿਡਨ ਕਾਲਜ ਦੇ ਨੇੜੇ, 2009 ਤੋਂ ਚਲ ਰਿਹਾ ਬਹੁਤ ਹੀ ਘੱਟ ਰੈਂਟ, $2,500 ਤੇ ਸੇਲ $30,00 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਐਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ

BRAMPTON $199,000 — Photo Not Available — 8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ਼੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

MISSISSAUGA $229,000 — 2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $240,000 — Photo Not Available — 15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੋਂ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।

BRAMPTON $369,000 — 15 Brisdale Dr 7&8 : ਹੱਥੋਂ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

House for Sale

BRANTFORD $525,000 — 118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

WOODSTOCK $599,900 — 703 Spitfire St: ਬਰੈਂਟਫੋਰਡ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4+2 ਬੈਡਰੂਮ ਅਤੇ 4 ਵਾਸ਼ਰੂਮ ਘਰ। ਮਾਡਰਨ ਕਿਚਨ, ਮਾਸਟਰ ਬੈਡਰੂਮ ਨੂੰ 5 ਪਿਸ ਇੰਸੂਟ, ਸਟੇਨਲੈਸ ਸਟੀਲ ਅਪਲਾਂਇੰਸਸ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $699,900 — 3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੁਡ ਫਲੋਰ, ਫਿਨੀਸ਼ਡ ਬੈਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।

BRAMPTON $789,000 — 29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

BRAMPTON $179,000 — Photo Not Available — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $899,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $910,000 — Photo Not Available — 18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਐੱਮ.ਪੀ. ਸੋਨੀਆ ਸਿੱਧੂ ਵੱਲੋਂ ਚੌਥੇ ਸਲਾਨਾ ਓਪਨ ਹਾਊਸ ਦਾ ਆਯੋਜਨ

ਬਰੈਂਪਟਨ -ਹਰ ਸਾਲ ਦੀ ਤਰ੍ਹਾਂ ਬਰੈਂਪਟਨ ਸਾਊਥ ਦੀ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਵੱਲੋਂ ਬੀਤੇ ਸ਼ਨੀਵਾਰ 5 ਜਨਵਰੀ ਨੂੰ ਬਾਅਦ ਦੁਪਹਿਰ 1.00 ਵਜੇ ਤੋਂ 4.00 ਵਜੇ ਤੀਕ ਚੌਥੇ ਸਲਾਨਾ ਓਪਨ ਹਾਊਸ ਦਾ ਉਨ੍ਹਾਂ ਦੇ ਬਰੈਂਪਟਨ ਸਥਿਤ ਦਫ਼ਤਰ ਦੀ ਲੌਬੀ ਵਿਚ ਸਫ਼ਲਤਾ-ਪੂਰਵਕ ਆਯੋਜਨ ਕੀਤਾ ਗਿਆ ਜਿਸ ਵਿਚ ਬਰੈਂਪਟਨ ਸਾਊਥ ਏਰੀਏ ਦੇ ਸੈਂਕੜੇ ਲੋਕਾਂ ਅਤੇ ਕਈ ਵੱਖ-ਵੱਖ ਬਿਜ਼ਨੈਸ ਅਦਾਰਿਆਂ ਨਾਲ ਜੁੜੇ ਵਿਅੱਕਤੀਆਂ ਨੇ ਭਾਗ ਲਿਆ। ਇਨ੍ਹਾਂ ਵਿਚ ਪੰਜਾਬੀ ਕਮਿਊਨਿਟੀ ਤੋਂ ਇਲਾਵਾ ਹੋਰ ਕਮਿਊਨਿਟੀਆਂ ਦੇ ਲੋਕਾਂ ਨੇ ਵੀ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ।

ਜ਼ਿਕਰਯੋਗ ਹੈ ਕਿ ਬਰੈਂਪਟਨ ਸਾਊਥ ਹਲਕੇ ਦੇ ਲੋਕਾਂ ਨੂੰ ਇਸ ਓਪਨ ਹਾਊਸ ਲਈ ਪਹੁੰਚਣ ਲਈ ਸੋਨੀਆ ਸਿੱਧੂ ਵੱਲੋਂ ਖੁੱਲ੍ਹਾ-ਸੱਦਾ ਦਿੱਤਾ ਗਿਆ ਸੀ ਜਿਸ ਨੂੰ ਉਨ੍ਹਾਂ ਵੱਲੋਂ ਭਰਪੂਰ ਹੁੰਗਾਰਾ ਦਿੱਤਾ ਗਿਆ ਅਤੇ ਉਹ ਵੱਡੀ ਗਿਣਤੀ

ਵਿਚ ਹੁੰਮ-ਹੁਮਾ ਕੇ ਇਸ ਵਿਚ ਸ਼ਾਮਲ ਹੋਏ। ਉਨ੍ਹਾਂ ਆਪਣੀਆਂ ਮੁਸ਼ਕਲਾਂ ਸੋਨੀਆ ਸਿੱਧੂ ਨਾਲ ਸਾਂਝੀਆਂ ਕੀਤੀਆਂ ਅਤੇ ਹਲਕੇ ਵਿਚ ਹੋਰ ਬੇਹਤਰ ਸੇਵਾਵਾਂ



ਦੀ ਸ਼ੁਰੂਆਤ ਲਈ ਆਪਣੇ ਵਿਚਾਰ ਸੋਨੀਆ ਸਿੱਧੂ ਨਾਲ ਸਾਂਝੇ ਕੀਤੇ ਜਿਨ੍ਹਾਂ ਨੂੰ ਬਾ-ਕਾਇਦਾ ਨੋਟ ਕੀਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਓਪਨ ਹਾਊਸ ਵਿਚ 500 ਤੋਂ ਵਧੇਰੇ ਲੋਕਾਂ ਨੇ ਉਤਸ਼ਾਹ ਪੂਰਵਕ ਭਾਗ ਲਿਆ।

ਐੱਮ.ਪੀ. ਸੋਨੀਆ ਸਿੱਧੂ ਵੱਲੋਂ ਬਰੈਂਪਟਨ ਦੇ ਵਿਕਾਸ ਅਤੇ ਇਸ ਦੀ ਖ਼ੁਸ਼ਹਾਲੀ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ, ਪਾਲਸੀਆਂ ਤੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਗਈ। ਇਨ੍ਹਾਂ ਬਾਰੇ ਲੋਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅਸੀਂ ਸਾਰੇ ਮਿਲ ਕੇ ਆਪਣੇ ਦੇਸ਼ ਕੈਨੇਡਾ ਨੂੰ ਹੋਰ ਬੁਲੰਦੀਆਂ 'ਤੇ ਲਿਜਾ ਸਕਦੇ ਹਾਂ। ਇਸ ਦੇ ਲਈ ਸਾਰੇ ਲੋਕਾਂ ਦੇ ਭਰਪੂਰ ਸਹਿਯੋਗ ਦੀ ਜ਼ਰੂਰਤ ਹੈ ਜੋ ਸਾਨੂੰ ਇਸ ਵੇਲੇ ਮਿਲ ਰਿਹਾ ਹੈ।

ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ,"ਪਿਛਲੇ ਤਿੰਨ ਸਾਲਾਂ ਤੋਂ ਵਧੇਰੇ ਬਰੈਂਪਟਨ ਸਾਊਥ ਦੀ ਨੁਮਾਇੰਦਗੀ ਕਰਨਾ ਮੇਰੇ ਲਈ ਬੜੇ ਮਾਣ ਵਾਲੀ ਗੱਲ ਹੈ ਅਤੇ ਮੈਂ ਹਮੇਸ਼ਾ ਹੀ ਲੋਕਾਂ ਦੇ ਮਸਲੇ ਸੁਣਨ ਤੇ ਉਨ੍ਹਾਂ ਦੇ ਹੱਲ ਲੱਭਣ ਨੂੰ ਤਰਜੀਹ ਦਿੱਤੀ ਹੈ ਅਤੇ ਬਰੈਂਪਟਨ ਦੀ ਖ਼ੁਸ਼ਹਾਲੀ ਤੇ ਵਿਕਾਸ ਲਈ ਉਨ੍ਹਾਂ ਦੇ ਵਿਚਾਰ ਪ੍ਰਾਪਤ ਕੀਤੇ ਹਨ। ਅਸੀਂ ਖ਼ੁਸਕਿਸਮਤ ਹਾਂ ਕਿ ਇੱਥੇ ਬਰੈਂਪਟਨ ਵਿਚ ਸਾਡਾ ਵਿਭਿੰਨਤਾ ਨਾਲ ਭਰਪੂਰ ਅਮੀਰ ਇਤਿਹਾਸ ਤੇ ਸੱਭਿਆਚਾਰ ਹੈ ਅਤੇ ਲੋਕਾਂ ਦੇ ਦਿਲਾਂ ਵਿਚ ਕੈਨੇਡਾ ਨੂੰ ਹੋਰ ਬੇਹਤਰ ਬਨਾਉਣ ਦੀ ਪ੍ਰਬਲ ਭਾਵਨਾ ਹੈ। ਮੈਂ ਬਰੈਂਪਟਨ-ਵਾਸੀਆਂ

ਦੀ ਧੰਨਵਾਦੀ ਹਾਂ ਕਿ ਮੈਨੂੰ ਹਰ ਸਾਲ ਅਜਿਹੇ ਓਪਨ ਹਾਊਸ ਵਿਚ ਸਰਦ-ਰੁੱਤ ਦੀਆਂ ਛੁੱਟੀਆਂ ਤੋਂ ਬਾਅਦ ਜਨਵਰੀ ਵਿਚ ਔਟਵਾ ਜਾਣ ਤੋਂ ਪਹਿਲਾਂ ਨਵੀਂ ਊਰਜਾ ਮਿਲਦੀ ਹੈ।"

ਉਨ੍ਹਾਂ ਹੋਰ ਦੱਸਿਆ,"ਮੈਨੂੰ ਇਸ ਅਗਾਂਹ-ਵਧੂ ਸਰਕਾਰ ਦਾ ਅੰਗ ਹੋਣ ਦਾ ਮਾਣ ਹਾਸਲ ਹੈ ਜਿਸ ਨੇ ਮਿਡਲ

ਕਲਾਸ ਦੀ ਸਹਾਇਤਾ ਕਰਨ ਲਈ ਕੈਨੇਡਾ ਚਾਈਲਡ ਬੈਨੀਫ਼ਿਟ, ਸੇਵਾ-ਮੁਕਤੀ ਦੀ ਉਮਰ ਮੁੜ 65 ਸਾਲ ਕਰਨ ਅਤੇ ਪਰਿਵਾਰਾਂ ਤੇ ਛੋਟੇ ਕਾਰੋਬਾਰਾਂ ਉੱਪਰ ਬੋਝ ਘਟਾਉਣ ਵਰਗੇ ਲੋਕ-ਪੱਖੀ ਕਦਮ ਚੁੱਕੇ ਹਨ। ਇਸ ਦੇ ਨਾਲ ਹੀ ਮੈਂ ਭਲੀ-ਭਾਂਤ ਜਾਣਦੀ ਹਾਂ ਕਿ ਅਜੇ ਹੋਰ ਬਹੁਤ ਕੁਝ ਕਰਨ ਵਾਲਾ ਹੈ ਅਤੇ ਉਸ ਦੇ ਲਈ ਸਾਰਿਆਂ ਦੇ ਸਹਿਯੋਗ ਦੀ ਜ਼ਰੂਰਤ ਹੈ। ਮੈਂ ਇਸ ਨਵੇਂ ਸਾਲ 2019 ਵਿਚ ਨਵੇਂ ਦਿਸ-ਹਿੱਦਿਆਂ, ਆਸਾਂ, ਉਮੀਦਾਂ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕਰਦੀ ਹਾਂ।" ਉਨ੍ਹਾਂ ਇਸ ਓਪਨ ਹਾਊਸ ਵਿਚ ਆਏ ਸਮੂਹ ਹਾਜ਼ਰੀਨ ਦਾ ਧੰਨਵਾਦ ਵੀ ਕੀਤਾ।

ਇਸ ਓਪਨ ਹਾਊਸ ਵਿਚ ਬਰੈਂਪਟਨ ਸਿਟੀ ਕਾਊਂਸਲ ਦੇ ਚੁਣੇ ਹੋਏ ਕਾਊਂਸਲਰਾਂ ਜੈੱਫ਼ ਬੋਮਨ, ਪਾਲ ਬਿਸੰਤੇ, ਰੌਬੀਨਾ ਸੈਂਟੋਜ਼ ਤੇ ਮਾਰਟਿਨ ਮੈਡਿਓਸ ਵੱਲੋਂ ਅਤੇ ਸ਼ਹਿਰ ਦੇ ਪਤਵੰਤੇ ਆਗੂਆਂ ਅਤੇ ਮੀਡੀਆ ਵੱਲੋਂ ਇਸ ਓਪਨ ਹਾਊਸ ਵਿਚ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲੁਆਈ ਗਈ।

# ਰੂਬੀ ਸਹੋਤਾ ਵੱਲੋਂ 'ਮੇਰੇ ਦਸ਼ਮੇਸ ਗੁਰ' ਮਿਊਜ਼ਿਕ ਵੀਡਿਓ ਰਿਲੀਜ਼

ਟੋਰੰਟੋ, 9 ਜਨਵਰੀ (ਪੋਸਟ ਬਿਊਰੋ): ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਤੇ ਲੋਹੜੀ, ਮਾਘੀ ਦੇ ਮੌਕੇ ਕਨੇਡਾ ਦੇ ਸ਼ਹਿਰ ਬਰੈਂਪਟਨ ਨਾਰਥ ਤੋ ਮੈਂਬਰ ਪਾਰਲੀਮੈਂਟ ਬੀਬੀ ਰੂਬੀ ਸਹੋਤਾ ਵੱਲੋਂ ਕੈਨੇਡਾ ਵਿੱਚ ਪੰਜਾਬੀ ਬੋਲੀ ਦੀ ਸੇਵਾ ਕਰ ਰਹੇ ਕਲਾਕਾਰ ਬਲਜਿੰਦਰ ਸੇਖਾ ਦੀ ਆਵਾਜ਼ ਵਿੱਚ ਗਾਈ ਤੇ ਮਹਾਂ ਕਵੀ ਬਾਬੂ ਰਜਬ ਅਲੀ ਖਾਨ ਸਾਹੋਕੇ ਦੁਆਰਾ ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਉਪਮਾ ਵਿੱਚ ਲਿਖੀ ਗਈ ਨਿਵੇਕਲੀ ਕਵੀਸ਼ਰੀ " ਮੇਰੇ ਦਸਮੇਸ਼ ਗੁਰ " ਦਾ ਪੋਸਟਰ ਰਿਲੀਜ਼ ਕੀਤਾ।ਸਾਡੇ ਨਾਲ ਗੱਲ ਬਾਤ ਕਰਦੇ ਹੋਏ ਬਲਜਿੰਦਰ ਸੇਖਾ ਨੇ ਦੱਸਿਆ ਕਿ ਇਸ ਸਾਲ ਜਦ ਕਰਤਾਰਪੁਰ ਸਾਹਿਬ ਦੇ ਲਾਂਘੇ ਖੁੱਲਣ ਜਾ ਰਹੇ ਹਨ ਤਾਂ ਇਸ ਮੌਕੇ ਤੇ ਦੁਨੀਆ ਦੇ ਸ਼ਾਂਤੀ ਪਸੰਦ ਦੇਸ ਕਨੇਡਾ ਦੇ ਨਾਗਰਿਕ ਤੇ ਕਲਾਕਾਰ ਹੋਣ ਦੇ ਨਾਤੇ ਉਹਨਾਂ ਨੇ ਮਹਾਂ ਕਵੀ ਬਾਬੂ ਰਜਬ ਅਲੀ ਖਾਨ ਸਾਹੋਕੇ ਦੀ ਰਚਨਾ ਪੇਸ ਕੀਤੀ ਹੈ ਯਾਦ ਰਹੇ ਇਸਦੇ ਲੇਖਕ ਬਾਬੂ ਰਜਬ ਅਲੀ ਜੀ ਨੂੰ ਸੰਨ ਸੰਤਾਲੀ ਦੀ ਵੰਡ ਸਮੇਂ ਭਾਰਤ ਛੱਡਣਾ ਪਿਆਂ ਸੀ



।ਇਸਦਾ ਸੰਗੀਤ ਰਣਜੀਤ ਸਿੰਘ ਗਿੱਲ ਸਾਰੰਗ ਸਟੂਡੀਓ ਬਰਨਾਲਾ ਵੀਡਿਓ ਗੁਰਲਵਲੀਨ ਸਿੰਘ ਗਿੱਲ ਦੁਆਰਾ ਕੀਤਾ ਗਿਆ ਹੈ ।ਪ੍ਰਸਿੱਧ ਕੰਪਨੀ ਅਮਰ ਆਡੀਓ ਵੱਲੋਂ ਬਾਬਾ ਜੀ ਇੰਟਰਪਾਂਈਜਜ ਦੇ ਸਹਿਯੋਗ ਨਾਲ ਨਿਰਸੁਆਰਥ ਪੰਜਾਬੀ ਬੋਲੀ ਦੀ ਸੇਵਾ ਵਜੋਂ ਦੁਨੀਆ ਭਰ ਵਿੱਚ ਰਿਲੀਜ ਕੀਤਾ ਗਿਆ ਹੈ।ਇਸ ਪ੍ਰੋਜੇਕਟ ਵਿੱਚ ਕਨੇਡਾ ਦੇ ਪ੍ਰਸਿੱਧ ਗਾਇਕ ਹੈਰੀ ਸੰਧੂ ,ਵੀਡੀਓਗ੍ਰਾਫਿਰ ਨਿਰਲੇਪ ਗਿੱਲ, ਹਮਰਾਜ ਗਿੱਲ ਤੋ ਕਨੇਡਾ ਦੇ ਸਾਰੇ ਮੀਡੀਏ ਨੇ ਭਰਪੂਰ ਸਹਿਯੋਗ ਦਿੱਤਾ ਹੈ।ਇਸ ਕਾਵਿਸ਼ਰੀ ਦੀ ਕਨੇਡਾ ਅਮਰੀਕਾ ਸਾਰੇ ਭਰਪੂਰ ਪ੍ਰਸੰਸਾ ਹੋ ਰਹੀ ਹੈ ।ਪਕਿਸਤਾਨ ਵਿੱਚ ਵਸਦੇ ਬਾਬੂ ਰਜਬ ਅਲੀ ਖਾਨ ਦੀ ਪੋਤਰੀ ਬੀਬੀ ਰੇਹਾਨਾ ਬੇਗਮ ਨੇ ਪਰੀਵਾਰ ਦੀ ਤਰਫੋ ਸਾਰੀ ਟੀਮ ਨੂੰ ਵਧਾਈ ਦਿੱਤੀ ਹੈ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਦਸੰਬਰ ਇਕੱਤਰਤਾ 'ਚ ਡਾ.ਨਾਹਰ ਸਿੰਘ ਨਾਲ ਰੂ-ਬ-ਰੂ

ਬਰੈਂਪਟਨ, (ਡਾ. ਝੰਡ) ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਮਾਸਿਕ ਇਕੱਤਰਤਾ 16 ਦਸੰਬਰ ਦਿਨ ਐਤਵਾਰ ਨੂੰ ਬਾਅਦ ਦੁਪਹਿਰ 1.00 ਵਜੇ ਐੱਫ਼.ਬੀ.ਆਈ. ਸਕੂਲ ਵਿਚ ਹੋਈ ਜਿਸ ਵਿਚ ਉੱਘੇ ਪੰਜਾਬੀ ਲੋਕਧਾਰਾ ਚਿੰਤਕ ਪ੍ਰੋ. ਨਾਹਰ ਸਿੰਘ ਨਾਲ ਰੂ-ਬ-ਰੂ ਹੋਇਆ।

ਮੰਚ-ਸੰਚਾਲਕ ਤਲਵਿੰਦਰ ਮੰਡ ਨੇ ਪ੍ਰੋ. ਨਾਹਰ ਸਿੰਘ ਬਾਰੇ ਮੁੱਢਲੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾ. ਨਾਹਰ ਸਿੰਘ ਪੰਜਾਬੀ ਦੇ ਉਨ੍ਹਾਂ ਵਿਰਲੇ ਚਿੰਤਕਾਂ ਵਿਚੋਂ ਇਕ ਹਨ ਜਿਨ੍ਹਾਂ ਨੇ ਸਾਰੀ ਉਮਰ ਅਧਿਐਨ ਅਤੇ ਅਧਿਆਪਨ ਨੂੰ ਸਿਰੜ ਤੇ ਸਿਦਕ ਨਾਲ ਸਮਾਂ ਦਿੱਤਾ ਹੈ ਅਤੇ ਬਾਰਾਂ ਜਿਲਦਾਂ ਵਿਚ ਲੋਕਧਾਰਾ ਨੂੰ ਕਲਮਬੰਦ ਕਰਕੇ ਪੰਜਾਬੀ ਦੀ ਰੂਹ ਨੂੰ ਸ਼ਿੰਗਾਰਿਆ ਹੈ। ਉਨ੍ਹਾਂ ਯੂਨੀਵਰਸਿਟੀਆਂ ਵਿਚ ਜਾਂ ਬਾਹਰ ਪੋਜੀਸ਼ਨਾਂ ਹਾਸਲ ਕਰਨ ਦੀ ਹੋੜ ਤੋਂ ਸਾਰੀ ਉਮਰ ਪਾਸਾ ਵੱਟੀ ਰੱਖਿਆ। ਇਹੀ ਉਹ ਮੁੱਢਲਾ ਕਾਰਣ ਹੈ ਕਿ ਉਨ੍ਹਾਂ ਦਾ ਖੋਜ-ਕਾਰਜ ਨਿਰੰਤਰ ਚੱਲਦਾ ਰਿਹਾ। ਪਿੱਛੇ ਜਿਹੇ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਲੋਕ-ਕਾਵਿ ਦੇ ਛਾਪੇ ਜਾ ਰਹੇ ਪ੍ਰੋਜੈਕਟ ਦੀਆਂ ਤਿੰਨ ਹੋਰ ਸੈਂਚੀਆਂ ਜਮ੍ਹਾਂ ਕਰਵਾਈਆਂ ਹਨ ਅਤੇ ਦੋ ਹੋਰਨਾਂ ਉੱਤੇ ਕੰਮ ਚੱਲ ਰਿਹਾ ਹੈ। ਯੂਨੀਵਰਸਿਟੀ ਇਨ੍ਹਾਂ ਜਮ੍ਹਾਂ ਹੋਈਆਂ ਤਿੰਨ ਖਰੜਿਆਂ ਨੂੰ ਕਦੋਂ ਛਾਪੇਗੀ, ਇਹ ਤਾਂ ਸਮਾਂ ਹੀ ਦੱਸੇਗਾ ਪਰ ਏਨਾ ਜ਼ਰੂਰ ਹੈ ਕਿ ਡਾ. ਨਾਹਰ ਸਿੰਘ ਦੀ ਇਕ ਹੋਰ ਪੁਸਤਕ 'ਪੰਜਾਬ ਦੀ ਲੋਕਧਾਰਾ: ਚਿੰਤਨ ਤੇ ਚੇਤਨਾ' ਛਪ ਕੇ ਆ ਗਈ ਹੈ ਅਤੇ ਉਮੀਦ ਹੈ ਕਿ ਇਹ ਕਿਤਾਬ ਵੀ ਪੰਜਾਬ, ਪੰਜਾਬੀਅਤ ਤੇ ਪੰਜਾਬ ਦੇ ਲੋਕ-ਜੀਵਨ ਨੂੰ ਸਮਝਣ ਵਿਚ ਦਿਲਚਸਪੀ ਰੱਖਣ ਵਾਲਿਆਂ ਨੂੰ ਜ਼ਰੂਰ ਪਸੰਦ ਆਵੇਗੀ। ਇਸ ਦੇ ਨਾਲ ਹੀ ਉਨ੍ਹਾਂ ਨੇ ਪ੍ਰੋ. ਨਾਹਰ ਸਿੰਘ ਜੀ ਨੂੰ



ਮਾਇਕ ਤੇ ਆਉਣ ਦਾ ਸੱਦਾ ਦਿੱਤਾ।

ਪ੍ਰੋ. ਨਾਹਰ ਸਿੰਘ ਨੇ ਆਪਣੇ ਸਾਹਿਤਕ ਸਫ਼ਰ ਦਾ ਵਿਸਤਾਰ ਨਾਲ ਵਰਣਨ ਕਰਦਿਆਂ ਸਰੋਤਿਆਂ ਨਾਲ ਸਾਂਝ ਪਾਈ। ਉਨ੍ਹਾਂ ਦੱਸਿਆ ਕਿ ਲੋਕਧਾਰਾ ਬਾਰੇ ਜਾਣਕਾਰੀ ਉਨ੍ਹਾਂ ਨੇ ਲੋਕਧਾਰਾ ਦੇ ਧਰਾਤਲ ਤੇ ਜਾ ਕੇ ਇਕੱਠੀ ਕੀਤੀ। ਉਨ੍ਹਾਂ ਨੇ ਪਿੰਡਾਂ ਵਿਚ ਜਾ ਕੇ ਲੋਕਾਂ ਕੋਲੋਂ ਪਤਾ ਕਰਕੇ ਹਰ ਉਸ ਵਿਅੱਕਤੀ ਨਾਲ ਸੰਪਰਕ ਸਾਧਿਆ ਜੋ ਲੋਕ-ਗੀਤਾਂ ਦਾ ਮੌਲਿਕ ਗਿਆਤਾ ਸੀ। ਉਨ੍ਹਾਂ ਦੇ ਨਾਮ ਲੈ ਲੈ ਕੇ ਪ੍ਰੋ. ਨਾਹਰ ਸਿੰਘ ਨੇ ਕਿਸੇ ਪਿੰਡ ਦੀ ਸੱਥ ਦਾ ਰੰਗ ਬੰਨ ਦਿੱਤਾ। ਸੱਚਮੁੱਚ ਹੀ ਲੋਕ-ਵੇਦੀ ਪ੍ਰੋ. ਨਾਹਰ ਸਿੰਘ ਨੂੰ ਸੁਣ ਕੇ ਲੱਗਿਆ ਕਿ ਉਨ੍ਹਾਂ ਨੇ ਆਪਣੀ ਉਮਰ ਦੇ ਬਹੁਤ ਹੀ ਕੀਮਤੀ ਵਰ੍ਹੇ ਪੰਜਾਬੀ ਲੋਕਧਾਰਾ ਦੀ ਸੇਵਾ 'ਚ ਲਾਏ ਹਨ। ਨਿਰਸੰਦੇਹ ਪ੍ਰੋ. ਸਾਹਿਬ ਪੰਜਾਬੀ ਲੋਕਧਾਰਾ ਦੇ ਥੰਮ੍ਹ ਹਨ।

ਉਨ੍ਹਾਂ ਤੋਂ ਬਾਦ ਕੁਲਜੀਤ ਮਾਨ ਦਾ ਨਵਾਂ ਨਾਵਲ, 'ਮਾਂ ਦਾ ਘਰ' ਲੋਕ-ਅਰਪਿਤ ਕੀਤਾ ਗਿਆ। ਕੁਲਜੀਤ ਮਾਨ ਬਾਰੇ ਰਸਮੀ ਜਾਣਕਾਰੀ ਸਤਿਕਾਰਤ ਕਵਿੱਤਰੀ ਸੁਰਜੀਤ ਕੌਰ ਨੇ ਦਿੱਤੀ ਤੇ ਸੰਖੇਪ ਵਿਚ ਕੁਲਜੀਤ ਮਾਨ ਨੇ ਆਪਣੇ ਨਾਵਲ ਦੇ ਆਸ਼ਿਆਂ ਬਾਰੇ ਗੱਲ ਕੀਤੀ। ਇਸ ਮੌਕੇ ਕੁਲਜੀਤ ਮਾਨ ਦਾ ਪਰਿਵਾਰ ਵੀ ਹਾਜ਼ਰ ਸੀ। ਉਪਰੰਤ, ਸੰਤੋਖ ਸਿੰਘ ਸੰਘਾ ਦੀ ਕਹਾਣੀਆਂ ਦੀ ਕਿਤਾਬ ਲੋਕ-ਅਰਪਿਤ ਕੀਤੀ ਗਈ। ਸੰਤੋਖ ਸਿੰਘ ਸੰਘਾ ਬਾਰੇ ਸੰਖੇਪ ਜਾਣਕਾਰੀ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਸਾਂਝੀ ਕੀਤੀ। ਇਸ ਸਮੇਂ ਸੰਤੋਖ ਸਿੰਘ ਸੰਘਾ ਦਾ ਵੀ ਸਾਰਾ ਪਰਿਵਾਰ ਹਾਜ਼ਰ ਸੀ। ਮਾਈਕ ਤੇ ਜਜ਼ਬਾਤੀ ਗੱਲਾਂ ਕਰਦਿਆਂ ਸੰਤੋਖ ਸਿੰਘ ਸੰਘਾ ਜੀ ਖ਼ੁਦ ਜਜ਼ਬਾਤੀ ਹੋ ਗਏ ਅਤੇ ਉਨਾਂ ਦਾ ਪਰਿਵਾਰ ਵੀ ਭਾਵਕ ਹੋ ਗਿਆ ਤੇ ਨਾਲ ਹੀ ਸਰੋਤੇ ਵੀ।

ਇਸ ਤੋਂ ਬਾਦ ਸਮਾਗ਼ਮ ਦੇ ਦੂਸਰੇ ਸੈਸ਼ਨ ਵਿਚ ਮੰਚ ਪਰਮਜੀਤ ਢਿੱਲੋਂ ਨੇ ਸੰਭਾਲਿਆ ਅਤੇ ਸਮੇਂ ਦੀ ਘਾਟ ਕਾਰਨ ਬੜੇ ਸਲੀਕੇ ਨਾਲ ਸੀਮਤ ਕਵੀ-ਦਰਬਾਰ ਸੰਚਾਰਨ ਕੀਤਾ ਜਿਸ ਵਿਚ ਇਕਬਾਲ ਬਰਾੜ, ਸੰਨੀ ਸ਼ਿਵਰਾਜ ਤੇ ਉਪਕਾਰ ਸਿੰਘ ਪਾਤਰ ਜੀ ਨੇ ਤਰੰਨਮ ਵਿਚ ਗੀਤ ਤੇ ਕਵਿਤਾਵਾਂ ਪੇਸ਼ ਕੀਤੀਆਂ। ਇਸ ਦੌਰਾਨ ਭੁਪਿੰਦਰ ਦੂਲੇ, ਸੁਰਜੀਤ, ਮਨਦੀਪ, ਕੰਵਲਜੀਤ ਨੱਤ, ਪਰਮਜੀਤ ਢਿੱਲੋਂ ਤੇ ਹੋਰ ਕਵੀਆਂ ਨੇ ਵੀ ਆਪਣੇ ਕਲਾਮ ਪੇਸ਼ ਕੀਤੇ।

ਇਸ ਗਹਿਮਾ ਗਹਿਮੀ ਦੌਰਾਨ ਹੀ ਸੁਰਜਨ ਜ਼ੀਰਵੀ ਜੀ ਵੀ ਆ ਗਏ ਪਰ ਸਮਾਗ਼ਮ ਦੂਜੀ ਮੰਜ਼ਲ 'ਤੇ ਹੋਣ ਕਰਕੇ ਉਨ੍ਹਾਂ ਨੇ ਕੁਲਜੀਤ ਮਾਨ ਨੂੰ ਮੁਬਾਰਕਬਾਦ ਦੇਣ ਥੱਲੇ ਹੀ ਸੱਦ ਲਿਆ। ਮਲੂਕ ਸਿੰਘ ਕਾਹਲੋਂ ਅਤੇ ਤਲਵਿੰਦਰ ਸਿੰਘ ਮੰਡ ਨੇ ਉਨ੍ਹਾਂ ਦੇ ਨਾਲ ਜਾ ਕੇ ਇਹ ਵਧਾਈ ਕਬੂਲ ਕੀਤੀ। ਇਸ ਸਮੇਂ ਬਲਜਿੰਦਰ ਤੇ ਮਨਮੋਹਨ ਸਿੰਘ ਗੁਲਾਟੀ ਵੀ ਉਨ੍ਹਾਂ ਦੇ ਨਾਲ ਸਨ। ਕੁਲ ਮਿਲਾ ਕੇ ਸਭਾ ਦਾ ਇਸ ਸਾਲ ਦਾ ਇਹ ਇਕ ਹੋਰ ਬੇਹੱਦ ਸਫ਼ਲ ਸਮਾਗ਼ਮ ਹੋ ਨਿੱਬੜਿਆ।

Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now




Call: 647-625-7961




2250 Bovaird Dr E, Unit#407, Medical Building
Behind RBC, Sunny Meadow/Bovaird

# ਸੰਪਾਦਕੀ

## ਉਂਟੇਰੀਓ ਸੈਕਸ ਸਿਲੇਬਸ: ਆਪੋ ਆਪਣੇ ਵਿਚਾਰਾਂ ਉੱਤੇ ਅਡਿੱਗ ਧਿਰਾਂ ਦਾ ਕੇਸ

ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਆਫ ਉਂਟੇਰੀਓ ਵੱਲੋਂ ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ ਨਾਲ ਮਿਲ ਕੇ ਕੀਤੇ ਉਸ ਕੇਸ ਦੀ ਸੁਣਵਾਈ ਕੱਲ ਟੋਰਾਂਟੋ ਦੀ ਅਦਾਲਤ ਵਿੱਚ ਆਰੰਭ ਹੋ ਗਈ ਜਿਸ ਵਿੱਚ ਡੱਗ ਫੋਰਡ ਸਰਕਾਰ ਦੇ ਉਸ ਫੈਸਲੇ ਨੂੰ ਸੰਵਿਧਾਨਕ ਚੁਣੌਤੀ ਦਿੱਤੀ ਗਈ ਹੈ ਜਿਸ ਰਾਹੀਂ 2015 ਵਿੱਚ ਕੈਥਲਿਨ ਵਿੰਨ ਸਰਕਾਰ ਵੱਲੋਂ ਲਾਗੂ ਨਵੇਂ ਸੈਕਸ ਸਿੱਖਿਆ ਸਿਲੇਬਸ ਨੂੰ ਰੱਦ ਕਰ ਦਿੱਤਾ ਗਿਆ ਸੀ। ਅਧਿਆਪਕ ਯੂਨੀਅਨ ਦਾ ਦੋਸ਼ ਹੈ ਕਿ ਡੱਗ ਫੋਰਡ ਸਰਕਾਰ ਦੇ ਫੈਸਲੇ ਨਾਲ ਬੱਚਿਆਂ ਦਾ ਭੱਵਿਖ ਖਤਰੇ ਵਿੱਚ ਪੈ ਰਿਹਾ ਹੈ। ਵਰਨਣਯੋਗ ਹੈ ਕਿ ਉਂਟੇਰੀਓ ਸਰਕਾਰ ਨੇ ਨਵਾਂ ਸੈਕਸ ਸਿਲੇਬਸ ਨੂੰ ਉੱਕਾ ਰੱਦ ਨਹੀਂ ਸੀ ਕੀਤਾ ਗਿਆ ਸਗੋਂ ਪ੍ਰਾਈਮਰੀ ਸਕੂਲ ਵਾਲੇ ਭਾਗ ਨੂੰ ਪੁਰਾਣੇ 2010 ਦੇ ਸਿਲੇਬਸ ਉੱਤੇ ਲੈ ਆਂਦਾ ਸੀ। ਹਾਈ ਸਕੂਲਾਂ ਵਿੱਚ 2015 ਵਾਲਾ ਲਿਬਰਲ ਸਰਕਾਰ ਦਾ ਸਿਲੇਬਸ ਹੀ ਪੜਾਇਆ ਜਾ ਰਿਹਾ ਹੈ।

ਪ੍ਰਾਈਮਰੀ ਸਕੂਲ ਲਈ ਨਵੇਂ ਸੈਕਸ ਸਿਲੇਬਸ ਵਿੱਚ ਗਰੇਡ 1 ਦੇ ਬੱਚਿਆਂ ਨੂੰ ਮਰਦਾਨਾ ਇੰਦਰੀਆਂ, ਔਰਤਾਂ ਦੇ ਜਣਨ ਅੰਗਾਂ, ਪਤਾਲੂਆਂ, ਯੋਨੀ ਆਦਿ ਨੂੰ ਪਹਿਚਾਨਣ ਦੀ ਜਾਚ ਸਿਖਾਉਣਾ ਸ਼ਾਮਲ ਸੀ। ਗਰੇਡ 4 ਵਿੱਚ ਔਰਤਾਂ ਦੀਆਂ ਛਾਤੀਆਂ ਵੱਡੀਆਂ ਕਿਉਂ ਹੁੰਦੀਆਂ ਹਨ, ਗਭਰੇਟ ਅਵਸਥਾ ਵਿੱਚ ਕੀ ਤਬਦੀਲੀਆਂ ਅਤੇ ਕਿਉਂ ਹੁੰਦੀਆਂ ਹਨ, ਗਰੇਡ 5 ਦੇ ਬੱਚਿਆਂ ਲਈ ਮਰਦਾਨਾ ਅਤੇ ਜਨਾਨਾ ਜਣਨ ਪ੍ਰਕਿਰਿਆ (reproductive systems) ਜਿਸ ਵਿੱਚ ਅੰਡਕੋਸ਼ਾਂ, ਪਤਾਲੂਆਂ ਦੀ ਕਾਰਜ ਪ੍ਰਣਾਲੀ ਸਮਝਣਾ ਸ਼ਾਮਲ ਸੀ। ਗਰੇਡ 6 ਦੇ ਬੱਚਿਆਂ ਨੂੰ ਸੈਕਸ ਲਈ ਹਾਂ ਜਾਂ ਨਾਂ ਕਹਿਣ ਬਾਰੇ ਸਿਖਾਉਣਾ ਸ਼ਾਮਲ ਕੀਤਾ ਗਿਆ ਸੀ। ਕੰਜ਼ਰਵੇਟਿਵ ਸਰਕਾਰ ਨੇ ਇਹੋ ਜਿਹੇ ਵੇਰਵੇ ਹਟਾ ਦਿੱਤੇ ਸੀ।

2015 ਦੇ ਸਿਲੇਬਸ ਵਿੱਚ ਗਰੇਡ 8 ਦੇ ਬੱਚਿਆਂ ਨੂੰ ਸੈਕਸੁਅਲ ਗਤੀਵਿਧੀਆਂ, ਗਰਭ ਧਾਰਨ ਦੇ ਜੋਖ਼ਮਾਂ, ਸੈਕਸੁਅਲ ਓਰੀਐਂਟੇਸ਼ਨ ਆਦਿ ਬਾਰੇ ਬਹਿਸ ਕਰਨ ਦੀ ਖੁੱਲ ਸੀ ਜਦੋਂ ਕਿ ਡੱਗ ਫੋਰਡ ਦੇ ਸਿਲੇਬਸ ਵਿੱਚ ਸਲਾਹ ਦਿੱਤੀ ਗਈ ਸੀ ਕਿ ਗਭਰੇਟ ਅਵਸਥਾ ਪਾਰ ਹੋ ਜਾਣ ਤੱਕ ਸੈਕਸ ਤੋਂ ਗੁਰੇਜ਼ ਕਰਨਾ ਮਨੁੱਖੀ ਸਿਹਤ ਲਈ ਚੰਗਾ ਹੁੰਦਾ ਹੈ। ਪ੍ਰਾਈਮਰੀ ਸਕੂਲਾਂ ਦੇ ਸਿਲੇਬਸ ਵਿੱਚੋਂ ਇਹੋ ਜਿਹਾ ਬਹੁਤ ਕੁੱਝ ਨਵੀਂ ਸਰਕਾਰ ਵੱਲੋਂ ਬਦਲ ਦਿੱਤਾ ਗਿਆ ਸੀ ਜਾਂ ਹਟਾ ਦਿੱਤਾ ਗਿਆ ਸੀ।

2018 ਦੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਸੈਕਸ ਸਿਲੇਬਸ ਇੱਕ ਵੱਡਾ ਮੁੱਦਾ ਰਿਹਾ ਹੈ। ਵੱਡੀ ਗਿਣਤੀ ਵਿੱਚ ਵੋਟਰਾਂ ਨੇ ਡੱਗ ਫੋਰਡ ਸਰਕਾਰ ਨੂੰ ਵੋਟਾਂ ਪਾ ਕੇ ਜਿਤਾਇਆ। ਸੋ ਸੈਕਸ ਸਿਲੇਬਸ ਇੱਕ ਸਮਾਜਕ ਮੁੱਦਾ ਨਾ ਰਹਿ ਕੇ 100% ਸਿਆਸੀ ਮੁੱਦਾ ਬਣ ਗਿਆ ਸੀ। ਬੇਸ਼ੱਕ ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਆਫ ਉਂਟੇਰੀਓ ਐਲੀਮੈਂਟਰੀ ਅਧਿਆਪਕਾਂ ਦੇ ਹੱਕਾਂ ਲਈ ਕੰਮ ਕਰਨ ਵਾਲੀ ਸਮਾਜਕ ਜੱਥੇਬੰਦੀ ਹੈ ਪਰ ਇਤਿਹਾਸਕ ਰੂਪ ਵਿੱਚ ਇਸਨੇ ਲਿਬਰਲ ਪਾਰਟੀ ਦਾ ਮੋਹਰਾ ਬਣ ਕੇ ਹੀ ਕੰਮ ਕੀਤਾ ਹੈ। ਪਿਛਲੇ 15 ਸਾਲਾਂ ਵਿੱਚ ਇਸ ਐਸੋਸੀਏਸ਼ਨ ਨੇ ਕਈ ਲੱਖ ਡਾਲਰ ਲਿਬਰਲ ਪਾਰਟੀ ਨੂੰ ਸਿਆਸੀ ਚੰਦੇ ਵਜੋਂ ਦਿੱਤੇ ਹਨ ਅਤੇ ਲਿਬਰਲ ਸਰਕਾਰ ਵੱਲੋਂ ਕਈ ਮਿਲੀਅਨ ਡਾਲਰਾਂ ਦੇ ਫੰਡ ਗੱਫੇ ਐਸੋਸੀਏਸ਼ਨ ਨੂੰ ਦਿੱਤੇ ਜਾਣਾ ਕੋਈ ਗੁਪਤ ਗੱਲ ਨਹੀਂ ਹੈ।

ਇਸ ਪਰੀਪੇਖ ਵਿੱਚ ਐਸੋਸੀਏਸ਼ਨ ਦੇ ਵਕੀਲ ਹਾਵਰਡ ਗੋਲਡਬਲੈਟ ਦਾ ਕੱਲ ਅਦਾਲਤ ਵਿੱਚ ਦਿੱਤਾ ਬਿਆਨ ਦਿਲਚਸਪ ਹੈ। ਉਸਨੇ ਕਿਹਾ ਕਿ ਹੋ ਸਕਦਾ ਹੈ ਕਿ ਅਧਿਆਪਕ ਐਸੋਸੀਏਸ਼ਨ ਇਸ ਮੁੱਦੇ ਉੱਤੇ ਸਰਕਾਰ ਨੂੰ ਕਨੂੰਨੀ ਚੁਣੌਤੀ ਨਾ ਦੇਂਦੀ ਜੇ ਡੱਗ ਫੋਰਡ ਨੇ ਅਧਿਆਪਕਾਂ ਨੂੰ ਨਵਾਂ ਸਿਲੇਬਸ ਪੜਾਉਣ ਦੀ ਸੂਰਤ ਵਿੱਚ ਅਨੁਸ਼ਾਸ਼ਨੀ ਕਾਰਵਾਈ ਦਾ ਸਾਹਮਣਾ ਕਰਨ ਦੀ ਧਮਕੀ ਨਾ ਦਿੱਤੀ ਹੁੰਦੀ। ਟੀਚਰਜ਼ ਐਸੋਸੀਏਸ਼ਨ ਨੇ ਅਧਿਆਪਕਾਂ ਨੂੰ ਸੱਦਾ ਦਿੱਤਾ ਸੀ ਕਿ ਉਹ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਕਰਕੇ ਨਵੇਂ ਸਿਲੇਬਸ ਨੂੰ ਪੜਾਉਣ। ਪ੍ਰੀਮੀਅਰ ਨੇ ਪ੍ਰਤੀਕਰਮ ਵਿੱਚ ਕਾਫੀ ਮਸ਼ਹੂਰ ਦਿੱਤਾ ਸੀ ਕਿ ਅਧਿਆਪਕ "ਇਸ ਭਰਮ ਨੂੰ ਮਨਾਂ ਵਿੱਚੋਂ ਕੱਢ ਦੇਣ ਕਿ ਜੇ ਉਹ ਆਪਣੀ ਡਿਊਟੀ ਨਹੀਂ ਕਰਨਗੇ ਤਾਂ ਸਰਕਾਰ ਚੁੱਪ ਕਰਕੇ ਬੈਠੀ ਰਹੇਗੀ"।

ਪਰ ਸੁਆਲ ਹੈ ਕਿ ਜੇ ਸਰਕਾਰ ਅਧਿਆਪਕਾਂ ਨੂੰ ਆਪਣੇ ਹੀ ਹੁਕਮਾਂ ਦੀ ਹੁਕਮ ਅਦੂਲੀ ਕਰਨ ਦੀ ਆਗਿਆ ਦੇਂਦੀ ਤਾਂ ਕੀ ਸਰਕਾਰ ਆਪਣੀਆਂ ਸੰਵਿਧਾਨਕ ਜ਼ੁੰਮੇਵਾਰੀਆਂ ਦੀ ਉਲੰਘਣਾ ਨਾ ਕਰ ਰਹੀ ਹੁੰਦੀ? ਜਦੋਂ ਮਸਲੇ ਸਿਆਸੀ ਬਣ ਜਾਂਦੇ ਹਨ ਤਾਂ ਹਰ ਤਰਕ-ਵਿਤਰਕ ਜਾਇਜ਼ ਹੋ ਜਾਂਦਾ ਹੈ। ਮਜ਼ੇਦਾਰ ਗੱਲ ਹੈ ਕਿ ਟੀਚਰਜ਼ ਐਸੋਸੀਏਸ਼ਨ ਦੇ ਵਕੀਲ ਕੋਲ ਕੱਲ ਜੱਜ ਦੇ ਇਸ ਸੁਆਲ ਦਾ ਕੋਈ ਜਵਾਬ ਨਹੀਂ ਸੀ ਕਿ ਕੀ ਸਕਰਾਰ ਨੇ ਕਿਸੇ ਅਧਿਆਪਕ ਵਿਰੁੱਧ ਸਚੱਮੁਚ ਕਾਰਵਾਈ ਕੀਤੀ ਵੀ ਹੈ ਜਾਂ ਨਹੀਂ।

ਸੈਕਸ ਸਿਲੇਬਸ ਬਾਰੇ ਚਰਚਾ ਕਰਨ ਲਈ ਡੱਗ ਫੋਰਡ ਸਰਕਾਰ ਨੇ ਇੱਕ ਆਨਲਾਈਨ ਪਲੇਟਫਾਰਮ ਬਣਾਇਆ ਸੀ ਜਿਸ ਵਿੱਚ ਬਹੁ-ਗਿਣਤੀ ਲੋਕਾਂ ਨੇ ਡੱਗ ਫਰੋਰਡ ਸਰਕਾਰ ਦੇ ਫੈਸਲੇ ਦੀ ਵਿਰੋਧਤਾ ਕੀਤੀ ਸੀ। ਇਹ ਵੀ ਸਮਝਿਆ ਜਾਂਦਾ ਹੈ ਕਿ ਸਰਕਾਰ ਦਾ ਵਿਰੋਧ ਕਰਨ ਵਾਲੇ ਧੜੇ ਅਜਿਹੇ ਪਲੇਟਫਾਰਮਾਂ ਨੂੰ ਹਾਈਜੈਕ ਕਰਨ ਵਿੱਚ ਆਮ ਕਰਕੇ ਹੋਰਾਂ ਨਾਲੋਂ ਵੱਧ ਸਰਗਰਮ ਹੁੰਦੇ ਹਨ। ਖੈਰ ਹੁਣ ਇਸ ਖੇਡ ਦੀ ਖਿੱਦੋ ਅਦਾਲਤ ਦੇ ਪਾਲੇ ਵਿੱਚ ਚਲੀ ਗਈ ਹੈ ਜਿਸਦਾ ਫੈਸਲਾ ਦੋਵਾਂ ਧਿਰਾਂ ਨੂੰ ਕਬੂਲਣਾ ਹੋਵੇਗਾ।

# ਟਰੂਡੋ ਵੱਲੋਂ 25 ਫਰਵਰੀ ਨੂੰ ਤਿੰਨ ਥਾਂਵਾਂ 'ਤੇ ਜ਼ਿਮਨੀ ਚੋਣਾਂ ਕਰਵਾਉਣ ਦਾ ਐਲਾਨ

...ਪੰਨਾ 1 ਦਾ ਬਾਕੀ

ਇਹ ਚੋਣਾਂ ਮੈਕਸਿਮ ਬਰਨੀਅਰ ਦੀ ਪੀਪਲਜ਼ ਪਾਰਟੀ ਲਈ ਵੀ ਪਹਿਲੀਆਂ ਚੋਣਾਂ ਹੋਣਗੀਆਂ। ਬਰਨੀਅਰ ਨੇ ਇੱਥੋਂ ਸਾਬਕਾ ਟਾਕ ਸ਼ੋਅ ਹੋਸਟ ਤੇ ਸਕੂਲਾਂ ਵਿੱਚ ਲਿੰਗਕ ਪਛਾਣ ਦੀ ਸਿੱਖਿਆ ਦੇਣ ਦਾ ਵਿਰੋਧ ਕਰਨ ਵਾਲੀ ਲੌਰਾ ਲਿੰਨ ਟਾਈਲਰ ਥੌਂਪਸਨ ਨੂੰ ਖੜ੍ਹਾਇਆ ਹੈ। ਇਹ ਸੀਟ ਐਨਡੀਪੀ ਐਮਪੀ ਕੈਨੇਡੀ ਸਟੀਵਾਰਟ ਵੱਲੋਂ ਮੇਅਰ ਦੀ ਦੌੜ ਵਿੱਚ ਹਿੱਸਾ ਲੈਣ ਲਈ ਖਾਲੀ ਕੀਤੀ ਗਈ ਸੀ ਤੇ ਉਹ ਵੈਨਕੂਵਰ ਦੇ ਮੇਅਰ ਚੁਣੇ ਵੀ ਗਏ ਸਨ।

ਮਾਂਟਰੀਅਲ ਦੇ ਆਊਟਰਮੌਂਟ ਹਲਕੇ ਦੀ ਸੀਟ ਅਗਸਤ ਵਿੱਚ ਉਦੋਂ ਖਾਲੀ ਹੋਈ ਸੀ ਜਦੋਂ ਸਾਬਕਾ ਐਨਡੀਪੀ ਆਗੂ ਟੌਮ ਮਲਕੇਅਰ ਨੇ ਅਸਤੀਫਾ ਦੇ ਦਿੱਤਾ ਸੀ। ਹੁਣ ਐਨਡੀਪੀ ਲਈ ਕੈਨੇਡੀਅਨ ਕਾਊਂਸਲ ਫੌਰ ਇੰਟਰਨੈਸ਼ਨਲ ਕੋ-ਆਪਰੇਸ਼ਨ ਦੀ ਸਾਬਕਾ ਪ੍ਰੈਜ਼ੀਡੈਂਟ ਜੂਲੀਆ ਸਾਂਚੇਜ਼ ਇਹ ਚੋਣ ਲੜੇਗੀ। ਉਨ੍ਹਾਂ ਦਾ ਮੁਕਾਬਲਾ ਲਿਬਰਲ ਸਟਾਫਰ ਰੇਚਲ ਬੈਨਡਾਇਨ ਤੇ ਕੰਜ਼ਰਵੇਟਿਵ ਉਮੀਦਵਾਰ ਜੈਸਮੀਨ ਲੌਰਾਸ ਨਾਲ ਹੋਵੇਗਾ।

ਓਨਟਾਰੀਓ ਦੀ ਯੌਰਕ ਸਿਮਕੋਏ ਸੀਟ ਕੰਜ਼ਰਵੇਟਿਵ ਐਮਪੀ ਪੀਟਰ ਵੈਨ ਲੋਨ ਵੱਲੋਂ ਸਤੰਬਰ ਵਿੱਚ ਦਿੱਤੇ ਅਸਤੀਫੇ ਕਾਰਨ ਖਾਲੀ ਹੋਈ ਸੀ। ਇੱਥੇ ਸਿੱਧਾ ਮੁਕਾਬਲਾ ਕੰਜ਼ਰਵੇਟਿਵ ਉਮੀਦਵਾਰ ਸਕੌਟ ਡੇਵਿਡਸਨ, ਪ੍ਰੋਫੈਸਰ ਤੇ ਪਹਿਲਾਂ ਵੀ ਫੈਡਰਲ ਉਮੀਦਵਾਰ ਰਹਿ ਚੁੱਕੇ ਲਿਬਰਲ ਉਮੀਦਵਾਰ ਸੌਨ ਟਨਾਕਾ ਤੇ ਕਮਿਊਨਿਟੀ ਆਰਗੇਨਾਈਜ਼ਰ ਜੈਸਾ ਮੈਕਲੀਆਨ, ਜੋ ਕਿ ਐਨਡੀਪੀ ਲਈ ਉਮੀਦਵਾਰ ਹੈ, ਵਿਚਾਲੇ ਹੋਵੇਗਾ।

# ਫੋਰਡ ਦੇ ਸੈਕਸ ਐਜੂਕੇਸ਼ਨ ਪ੍ਰੋਗਰਾਮ ਖਿਲਾਫ ਅਦਾਲਤ ਪਹੁੰਚੇ ਗਰੁੱਪਜ਼ ਦੇ ਸਮਰਥਨ 'ਚ ਨਿੱਤਰੀ ਐਨਡੀਪੀ

...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ ਦ ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸਿਏਸ਼ਨ (ਸੀਸੀਐਲਏ) ਤੇ ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਆਫ ਓਨਟਾਰੀਓ (ਈਟੀਐਫਓ) ਵੱਲੋਂ ਸਰਕਾਰ ਨੂੰ ਅਦਾਲਤ ਵਿੱਚ ਇਸ ਸਬੰਧੀ ਚੁਣੌਤੀ ਦਿੱਤੀ ਗਈ ਹੈ। ਬੁੱਧਵਾਰ ਨੂੰ ਇਸ ਮਸਲੇ ਦੀ ਸੁਣਵਾਈ ਓਨਟਾਰੀਓ ਦੀ ਸਰਬਉੱਚ ਅਦਾਲਤ ਵਿੱਚ ਕੀਤੀ ਜਾਵੇਗੀ। ਇਸ ਗਰੁੱਪ ਵੱਲੋਂ ਫੋਰਡ ਸਰਕਾਰ ਨੂੰ ਅਪਡੇਟਿਡ ਸੈਕਸ-ਐਜੂਕੇਸ਼ਨ ਉੱਤੇ ਪਾਬੰਦੀ ਲਾਉਣ ਤੇ ਕਲਾਸਾਂ ਵਿੱਚ ਸਮਾਂ ਵਿਹਾਅ ਚੁੱਕੇ ਪਾਠਕ੍ਰਮ ਨੂੰ ਲਾਗੂ ਕਰਵਾਉਣ ਤੋਂ ਰੋਕਣ ਲਈ ਇਹ ਕਦਮ ਚੁੱਕਿਆ ਗਿਆ ਹੈ। ਜ਼ਿਕਰਯੋਗ ਹੈ ਕਿ ਸੈਕਸ ਐਜੂਕੇਸ਼ਨ ਸਬੰਧੀ ਪਿਛਲਾ ਪਾਠਕ੍ਰਮ 20 ਸਾਲ ਪਹਿਲਾਂ 1998 ਵਿੱਚ ਤਿਆਰ ਕੀਤਾ ਗਿਆ ਸੀ।

ਐਲਜੀਬੀਟੀਕਿਊ ਮੁੱਦਿਆਂ ਉੱਤੇ ਐਨਡੀਪੀ ਕ੍ਰਿਟਿਕ ਟੈਰੈਂਸ ਕਰਨਾਘਨ ਨੇ ਆਖਿਆ ਕਿ ਜਦੋਂ ਬੱਚੇ ਖੁਦ ਨੂੰ ਪਾਠਕ੍ਰਮ ਦਾ ਹਿੱਸਾ ਬਣਿਆ ਵੇਖਦੇ ਹਨ ਤਾਂ ਉਹ ਸਿੱਖਿਅਕ ਤੇ ਸਮਾਜਕ ਪੱਖੋਂ ਵੱਧਦੇ ਫੁੱਲਦੇ ਹਨ। ਪਰ ਜਾਣਬੁੱਝ ਕੇ ਐਲਜੀਬੀਟੀਕਿਊ ਬੱਚਿਆਂ ਤੇ ਪਰਿਵਾਰਾਂ ਨੂੰ ਪਾਠਕ੍ਰਮ ਤੋਂ ਹਟਾਉਣ ਨਾਲ ਫੋਰਡ ਸਰਕਾਰ ਵਿਦਿਆਰਥੀਆਂ ਨੂੰ ਖਤਰੇ ਵਿੱਚ ਪਾ ਰਹੀ ਹੈ। ਐਲਜੀਬੀਟੀਕਿਊ ਪਛਾਣ ਕਾਰਨ ਕਿਸੇ ਵੀ ਵਿਅਕਤੀ, ਬੱਚੇ ਦੇ ਮਾਪਿਆਂ ਜਿਹੜੇ ਬੁਲਿੰਗ ਦਾ ਸ਼ਿਕਾਰ ਹੋਣ, ਜਿਨਸੀ ਹਿੰਸਾ ਵਿੱਚੋਂ ਲੰਘੇ ਹੋਣ, ਜਾਂ ਇਸ ਕਾਰਨ ਜਿਨ੍ਹਾਂ ਨੂੰ ਪੱਖਪਾਤ ਦਾ ਸਾਹਮਣਾ ਕਰਨਾ ਪਿਆ ਹੋਵੇ, ਉਹੀ ਦੱਸ ਸਕਦੇ ਹਨ ਕਿ ਬੱਚੇ ਦੀ ਮਾਨਸਿਕ ਤੇ ਸਰੀਰਕ ਸਿਹਤ ਲਈ ਇਸ ਤਰ੍ਹਾਂ ਦੀ ਜਾਣਕਾਰੀ, ਸਸ਼ਕਤੀਕਰਨ ਤੇ ਸੁਰੱਖਿਅਤ ਸਪੇਸ ਦੇ ਕੀ ਮਾਇਨੇ ਹਨ।

ਡੱਗ ਫੋਰਡ ਦੇ ਸੈਕਸ ਐਜੂਕੇਸ਼ਨ ਪਾਠਕ੍ਰਮ ਵਿੱਚ ਅਹਿਮ ਮੁੱਦਿਆਂ ਜਿਵੇਂ ਕਿ ਜਿਨਸੀ ਝੁਕਾਅ, ਐਲਜੀਬੀਟੀਕਿਊ ਪਰਿਵਾਰਾਂ ਤੇ ਲਿੰਗਕ ਪਛਾਣ ਆਦਿ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ। ਜਿਸ ਕਾਰਨ ਐਲਜੀਬੀਟੀਕਿਊ ਵਿਦਿਆਰਥੀ ਤੇ ਮਾਪੇ ਖੁਦ ਨੂੰ ਠਗਿਆ ਹੋਇਆ ਮਹਿਸੂਸ ਕਰ ਰਹੇ ਹਨ। ਫੋਰਡ ਦੀ ਇਸ ਸਿਆਸੀ ਖੇਡ ਵਿੱਚ ਵਿਦਿਆਰਥੀਆਂ ਨੂੰ ਮੋਹਰਾ ਨਹੀਂ ਬਣਾਇਆ ਜਾਣਾ ਚਾਹੀਦਾ। ਫੋਰਡ ਦੇ ਨਿਰਦੇਸ਼ਾਂ ਨਾਲ ਕੁੱਝ ਵਿਦਿਆਰਥੀ ਖੁਦ ਨੂੰ ਹੋਰਨਾਂ ਨਾਲੋਂ ਘੱਟ ਅਹਿਮ ਮੰਨਣ ਲੱਗਣਗੇ ਜਦਕਿ ਉਨ੍ਹਾਂ ਨੂੰ ਇਹ ਮਹਿਸੂਸ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਵੀ ਪੂਰੀ ਅਹਿਮੀਅਤ ਹੈ ਤੇ ਉਹ ਬਿਲਕੁਲ ਸਿਹਤਮੰਦ ਤੇ ਸੁਰੱਖਿਅਤ ਹਨ। ਫੋਰਡ ਦੇ ਪਾਠਕ੍ਰਮ ਵਿੱਚ ਆਨਲਾਈਨ ਬੁਲਿੰਗ ਤੇ ਰਜ਼ਾਮੰਦੀ ਵਰਗੇ ਮੁੱਦਿਆਂ ਨੂੰ ਵੀ ਦਰਕਿਨਾਰ ਕੀਤਾ ਗਿਆ ਹੈ। ਜਿਸ ਕਾਰਨ ਖਾਸ ਤੌਰ ਉੱਤੇ ਮਹਿਲਾਵਾਂ, ਲੜਕੀਆਂ ਤੇ ਐਲਜੀਬੀਟੀਕਿਊ ਸ਼ਖਸ ਖੁਦ ਨੂੰ ਅਸੁਰੱਖਿਅਤ ਮੰਨਣਗੇ।

ਕਰਨਾਘਨ ਨੇ ਆਖਿਆ ਕਿ ਇਹ ਤੱਥ ਕਿ ਗਰੁੱਪਜ਼ ਨੂੰ ਫੋਰਡ ਸਰਕਾਰ ਖਿਲਾਫ ਅਦਾਲਤ ਦਾ ਦਰਵਾਜ਼ਾ ਖੜਕਾਉਣਾ ਪੈ ਰਿਹਾ ਹੈ, ਆਪਣੇ ਆਪ ਹੀ ਇਹ ਸਿੱਧ ਕਰਦਾ ਹੈ ਕਿ ਫੋਰਡ ਵਿਦਿਆਰਥੀਆਂ, ਮਾਪਿਆਂ, ਅਧਿਆਪਕਾਂ ਤੇ ਖੋਜ ਨੂੰ ਨਜ਼ਰਅੰਦਾਜ਼ ਕਰ ਰਹੇ ਹਨ ਤੇ ਸਿਰਫ ਆਪਣੇ ਅੰਦਰੂਨੀ ਦਾਇਰੇ ਦੇ ਮੈਂਬਰਾਂ ਦੀ ਗੱਲ ਹੀ ਸੁਣ ਰਹੇ ਹਨ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
-
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# ਸਕਾਰਬੌਰੋ ਦੀ ਰਿਹਾਇਸ਼ੀ ਬਿਲਡਿੰਗ ਵਿੱਚ ਦੋ ਵਿਅਕਤੀ ਮ੍ਰਿਤਕ ਪਾਏ ਗਏ

ਸਕਾਰਬੌਰੋ, 9 ਜਨਵਰੀ (ਪੋਸਟ ਬਿਊਰੋ) : ਮੰਗਲਵਾਰ ਦੁਪਹਿਰ ਨੂੰ ਸਕਾਰਬੌਰੋ ਵਿੱਚ ਇੱਕ ਰਿਹਾਇਸ਼ੀ ਬਿਲਡਿੰਗ ਵਿੱਚ ਦੋ ਵਿਅਕਤੀਆਂ ਦੇ ਮ੍ਰਿਤਕ ਪਾਏ ਜਾਣ ਦੇ ਮਾਮਲੇ ਦੀ ਪੁਲਿਸ ਜਾਂਚ ਕਰ ਰਹੀ ਹੈ।

ਪੁਲਿਸ ਅਧਿਕਾਰੀਆਂ ਨੂੰ ਸਕਾਰਬੌਰੋ ਜੰਕਸ਼ਨ ਦੇ ਨਾਲ ਲੱਗਦੇ ਸੇਂਟ ਕਲੇਅਰ ਐਵਨਿਊ ਈਸਟ ਦੇ ਦੱਖਣ ਵੱਲ ਬਰਚਮਾਊਂਟ ਰੋਡ ਇਲਾਕੇ ਵਿੱਚ ਪੈਂਦੀ ਇਮਾਰਤ ਵਿੱਚ ਸੱਦਿਆ ਗਿਆ। ਇਹ ਗੱਲ ਰਾਤ ਦੇ 2:17 ਵਜੇ ਦੀ ਹੈ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਦੋ ਵਿਅਕਤੀਆਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਪਾਇਆ। ਕਾਂਸਟੇਬਲ ਐਲੀਸਨ ਡਗਲਸ ਕੁੱਕ ਨੇ ਆਖਿਆ ਕਿ ਮਹਿਲਾ ਇਮਾਰਤ ਦੇ ਅੰਦਰ ਪਾਈ ਗਈ ਜਦਕਿ ਵਿਅਕਤੀ ਇਮਾਰਤ ਦੇ ਬਾਹਰ ਮਿਲਿਆ। ਪੁਲਿਸ ਨੂੰ ਅਜੇ ਤੱਕ ਦੋਵਾਂ ਵਿਚਲੇ ਰਿਸ਼ਤੇ ਦਾ ਪਤਾ ਨਹੀਂ ਚੱਲ ਸਕਿਆ ਹੈ।

ਕੁੱਕ ਨੇ ਦੱਸਿਆ ਕਿ ਇਹ ਮੌਤਾ ਸ਼ੱਕੀ ਲੱਗ ਰਹੀਆਂ ਹਨ। ਪਰ ਜਾਂਚਕਾਰ ਅਜੇ ਵੀ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕਿਤੇ ਇਹ ਮੌਤਾਂ ਕਤਲ ਦਾ ਮਾਮਲਾ ਤਾਂ ਨਹੀਂ ਹਨ। ਪੁਲਿਸ ਨੇ ਆਖਿਆ ਕਿ ਹਾਲ ਦੀ ਘੜੀ ਲੋਕਾਂ ਨੂੰ ਕੋਈ ਖਤਰਾ ਨਹੀਂ ਹੈ। ਇਸੇ ਲਈ ਨਾ ਤਾਂ ਮ੍ਰਿਤਕਾਂ ਤੇ ਨਾ ਹੀ ਮਸ਼ਕੂਕਾਂ ਬਾਰੇ ਕੋਈ ਜਾਣਕਾਰੀ ਜਾਰੀ ਕੀਤੀ ਗਈ ਹੈ।

# ਪਾਕਿਸਤਾਨ ਚੈਨਲਾਂ ਉੱਤੇ ਭਾਰਤੀ ਪ੍ਰੋਗਰਾਮ ਨਹੀਂ ਵਿਖਾਏ ਜਾਣਗੇ

ਇਸਲਾਮਾਬਾਦ, 9 ਜਨਵਰੀ, (ਪੋਸਟ ਬਿਊਰੋ)- ਪਾਕਿਸਤਾਨ ਦੇ ਚੀਫ ਜਸਟਿਸ ਸਾਕਿਬ ਨਿਸਾਰ ਨੇ ਅੱਜ ਬੁੱਧਵਾਰ ਨੂੰ ਕਿਹਾ ਕਿ ਸੁਪਰੀਮ ਕੋਰਟ ਪਾਕਿਸਤਾਨੀ ਟੀ ਵੀ ਚੈਨਲਾਂ ਨੂੰ ਭਾਰਤ ਦੇ ਪ੍ਰੋਗਰਾਮ ਦਿਖਾਉਣ ਦੀ ਆਗਿਆ ਨਹੀਂ ਦੇਵੇਗੀ, ਕਿਉਂਕਿ ਇਹ ਸਾਡੇ ਸੱਭਿਆਚਾਰ ਨੂੰ ਨੁਕਸਾਨ ਪੁਚਾਉਣ ਵਾਲੇ ਸਾਬਤ ਹੁੰਦੇ ਹਨ।

ਅਖਬਾਰ ਡਾਨ ਦੀ ਖਬਰ ਮੁਤਾਬਕ ਚੀਫ ਜਸਟਿਸ ਸਾਕਿਬ ਨਿਸਾਰ ਨੇ ਪਾਕਿਸਤਾਨੀ ਟੀ ਵੀ ਚੈਨਲਾਂ 'ਤੇ ਭਾਰਤੀ ਪ੍ਰੋਗਰਾਮਾਂ ਦੇ ਪ੍ਰਸਾਰਨ ਬਾਰੇ ਪਾਬੰਦੀ ਦੇ ਹਾਈ ਕੋਰਟ ਵੱਲੋਂ ਦਿੱਤੇ ਫੈਸਲੇ ਖਿਲਾਫ ਪਾਕਿਸਤਾਨ ਇਲੈਕਟ੍ਰਾਨਿਕ ਮੀਡੀਆ ਰੈਗੂਲੇਟਰੀ ਐਥਾਰਟੀ ਦੀ ਅਪੀਲ ਉੱਤੇ ਸੁਣਵਾਈ ਕਰਦੇ ਹੋਏ ਇਹ ਟਿੱਪਣੀਆਂ ਕੀਤੀਆਂ ਹਨ। ਇਸ ਅਖਬਾਰ ਮੁਤਾਬਕ ਰੈਗੂਲੇਟਰੀ ਦੇ ਮੁਖੀ ਸਲੀਮ ਬੇਗ ਨੇ ਅਦਾਲਤ ਨੂੰ ਕਿਹਾ ਕਿ ਫਿਲਮ ਚੈਨਲਾਂ ਉੱਤੇ ਦਿਖਾਏ ਜਾਂਦੇ 65 ਫੀਸਦੀ ਪ੍ਰੋਗਰਾਮ ਵਿਦੇਸ਼ੀ ਹਨ ਅਤੇ ਕਈ ਵਾਰ ਇਹ ਅੰਕੜਾ 80 ਫੀਸਦੀ ਤੱਕ ਚਲਾ ਜਾਂਦਾ ਹੈ। ਇਸ ਉੱਤੇ ਚੀਫ ਜਸਟਿਸ ਨੇ ਕਿਹਾ ਕਿ ਅਸੀ ਪਾਕਿਸਤਾਨ ਵਿੱਚ ਚੈਨਲਾਂ ਉਤੇ ਭਾਰਤੀ ਪ੍ਰੋਗਰਾਮਾਂ ਦੀ ਆਗਿਆ ਨਹੀਂ ਦੇਵਾਂਗੇ। ਰੈਗੂਲੇਟਰੀ ਦੇ ਵਕੀਲ ਨੇ ਚੀਫ ਜਸਟਿਸ ਨੂੰ ਕਿਹਾ ਕਿ ਫਿਲਮਾਂ ਵਾਲੇ ਚੈਨਲ ਕੋਈ ਸਮਾਚਾਰ ਚੈਨਲ ਨਹੀਂ ਹਨ, ਇਹ ਮਨੋਰੰਜਨ ਚੈਨਲ ਹਨ, ਇਹ ਕੋਈ ਗਲਤ ਪ੍ਰਚਾਰ ਨਹੀਂ ਕਰਦੇ। ਚੀਫ ਜਸਟਿਸ ਨੇ ਜਵਾਬ ਦਿੱਤਾ ਕਿ ਇਹ ਸਾਡੇ ਸੱਭਿਆਚਾਰ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਇਸ ਕੇਸ ਦੀ ਸੁਣਵਾਈ ਨੂੰ ਫਰਵਰੀ ਦੇ ਪਹਿਲੇ ਹਫਤੇ ਤੱਕ ਟਾਲ ਦਿੱਤੀ ਗਈ ਹੈ।












# ਜਉ ਤਉ ਪ੍ਰੇਮ ਖੇਲਣ ਕਾ ਚਾਉ ।। ਸਿਰੁ ਧਰਿ ਤਲੀ ਗਲੀ ਮੇਰੀ ਆਉ।।



ਕਰਨੈਲ ਸਿੰਘ ਟੋਰਾਂਟੋ
-416-746-7642-

ਧਾਰਨਾਂ:- ਲੇਖਾ ਮੰਗੇਗਾ ਧਰਮ ਰਾਜਾ ਬਾਣੀਆਂ, ਫੇਰ ਕੀ ਜਵਾਬ ਦੇਵੇਂਗਾ॥੨॥

ਅੰਤਰਾ :- ਮੇਰੇ ਪਿਆਰੇ ਜੀ, ਫੇਰ ਕੀ ਜਵਾਬ ਦੇਵੇਂਗਾ॥੨॥

ਸੰਗਿ ਨ ਕੋਈ ਭਈਆ ਬੇਬਾ ॥ ਮਾਲੁ ਜੋਬਨੁ ਧਨੁ ਛੋਡਿ ਵਵੇਸਾ॥

ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ ੩॥

ਪੰਨਾ ੧੦੨੦

ਅਰਥ:- ਤੇਰੇ ਨਾਲ ਕੁਟ ਖਾਣ ਲਈ ਭੈਣ, ਭਰਾ, ਮਾਤਾ ਪਿਤਾ ਨੇ ਨਹੀਂ ਜਾਣਾ, ਜੋ ਮਾਲ ਧੰਨ ਦੋਲਤ ਇਕੱਠਾ ਕੀਤਾ ਸੀ, ਠੱਗੀਆਂ ਠੋਰੀਆਂ ਕਰਕੇ ਸਭ ਇਥੇ ਹੀ ਛੋਡ ਕੇ ਚਲਿਆ ਜਾਣਾ ਹੈ। ਹੱਥਾਂ ਵਿਚ ਹੱਥ ਕੜੀਆਂ ਪੈਰਾਂ ਵਿਚ ਬੇੜੀਆਂ, ਗੱਲ ਵਿਚ ਫਾਹੀ ਪਾ ਕੇ ਲੈ ਜਾਂਦੇ ਹਨ ਜਮਦੂਤ। ਤੇਰਾ ਜੋਬਨ ਜੇਹੜਾ ਠਾਠਾਂ ਮਾਰਦਾ ਹੁੰਦਾ ਹੈ, ਜਮਦੂਤ ਦੇ ਪਹਿਲੇ ਡੰਡੇ ਨਾਲ ਕਾਲਾ ਸ਼ਾਹ ਹੋ ਜਾਂਦਾ ਹੈ। ਜਿਸ ਨੇ ਸਿਰਜਣ ਹਾਰ ਨੂੰ ਨਹੀਂ ਜਾਣਿਆ ਭੁਲਾ ਦਿੱਤਾ ਹੈ, ਉਸ ਨੂੰ ਧਰਮ ਰਾਜਾ ਜਿਸ ਤਰ੍ਹਾਂ ਤਿਲਾਂ ਨੂੰ ਘਾਣੀ ਵਿਚ ਪੀੜ ਕੇ ਤੇਲ ਕੱਢੀਦਾ ਹੈ। ਇਸ ਤਰ੍ਹਾਂ ਪੀੜ ਕੇ ਘਾਣੀ ਵਿਚ ਪਾਪੀਆਂ ਦਾ ਖ਼ੂਨ ਨਚੋੜਿਆ ਜਾਂਦਾ ਹੈ।

ਕਈ ਗੁਰ ਸਿੱਖ ਪਿਅਰੇ ਗੁਰੂ ਕੇ ਸਿੱਖ ਗੁਰਦੁਆਰੇ ਜਾਂਦੇ ਹਨ, ਦਾਨ ਪੁੰਨ ਵੀ ਦਿੰਦੇ ਹਨ। ਸੇਵਾ ਕਰਦੇ ਹਨ। ਫੇਰ ਵੀ ਉਹ ਕਹਿੰਦੇ ਹਨ ਨਰਕ ਸੁਰਗ ਤਾਂ ਇੱਥੇ ਹੀ ਹੈ। ਅੱਗੇ ਕੀਹਨੇ ਦੇਖਿਆ। ਗੁਰਮੁਖਿ ਪਿਆਰਿਓ ਉਪਰ ਲਿਖੇ ਸ਼ਬਦ ਪੜ੍ਹ ਕੇ ਵੀਚਾਰ ਕਰ ਲਓ, ਜੀਹਨੇਂ ਦੇਖਿਆ ਹੈ ਉਹਨੇ ਹੀ ਆਪ ਲਿਖੇ ਹਨ। ਕਈ ਗੁਰਮੁਖਿ ਪ੍ਰਸ਼ਨ ਕਰਦੇ ਹਨ, ਧਰਮ ਰਾਜਾ ਕਿੱਥੇ ਰਹਿੰਦਾ ਹੈ। ਸੁਣੋ ਜੀ ਸਮੇਰ ਪ੍ਰਬਤ ਤੋਂ ਨੜਿੰਨਵੇਂ ਜੋਜਨ, ਦਖਣ ਦਿੱਸ਼ਾ ਵੱਲ ਸੰਧਮਾਨੀ ਨਾਮ ਪੁਰੀ ਹੈ। ਉਸ ਪੁਰੀ ਦੇ ਚਾਰ ਦਰਵਾਜੇ ਹਨ। ਪਹਿਲਾ ਪੂਰਬ, ਦੂਜਾ ਪੁੱਛਮ, ਤੀਜਾ ਦੱਖਣ, ਚੌਥਾ ਉੱਤਰ ਦੱਸ਼ਾ, ਉਸ ਪੁਰੀ ਵਿਚ ਅਠਾਰਾਂ ਨਰਕ ਹਨ। ਜਦੋਂ ਪ੍ਰਾਣੀ ਦੇ ਸਵਾਸ ਪੂਰੇ ਹੋ ਜਾਂਦੇ ਹਨ ਤਾਂ ਜਮਦੂਤ ਮਾਰ ਮਾਰ ਕੇ ਲੈ ਜਾਂਦੇ ਹਨ। ਸੰਤਾਂ, ਸਾਧੂਆਂ ਪੁੰਨੀ ਪੁਰਸ਼ਾਂ ਨੂੰ ਪੂਰਬ ਦਰਵਾਜੇ ਦੇ ਥਾਂਈ ਸਵਰਗ ਵਿਚ ਲੈ ਜਾਂਦੇ ਹਨ। ਜਿਨ੍ਹਾਂ ਨੇ ਸਾਸ ਸਾਸ ਸਿਮਰਨ ਕੀਤਾ ਹੈ, ਮੋਹ ਜਾਲ ਤਿਆਗ ਕੇ, ਗੁਰੂ ਦੇਵ ਦੇ ਬਚਨਾਂ ਤੇ ਪਹਿਰਾਂ ਦਿੱਤਾ ਹੈ, ਜੋ ਪੂਰਨ ਬ੍ਰਹਮ ਗਿਆਨੀ ਉਚੀ ਪਦਵੀ ਵਾਲੇ ਸੰਤ ਹਨ, ਉਨ੍ਹਾਂ ਨੂੰ ਉਤਰ ਦਰਵਾਜ਼ੇ ਰਾਂਹੀ ਬਿਬਾਨਾਂ ਤੇ ਚੜ੍ਹਾ ਕੇ ਸਵਰਗ ਵਿਚ ਲੈ ਜਾਂਦੇ ਹਨ। ਜੋ ਪਾਪੀ ਹਨ, ਭਜਨ ਨਹੀਂ ਕੀਤਾ, ਦਾਨ ਪੁੰਨ ਨਹੀਂ ਕੀਤਾ, ਸਾਧੂਆਂ ਸੰਤਾਂ ਨੂੰ ਦੁੱਖ ਦਿੱਤਾ ਹੈ। ਸੰਤਾਂ ਦੀ ਨਿੰਦਿਆ ਚੁਗਲੀ ਕੀਤੀ ਹੈ, ਆਪਣੇ ਗੁਰੂ ਨੂੰ ਵੀ ਨਹੀਂ ਬਖ਼ਸਿਆ। ਗੁਰੂ ਨਾਲ ਠੱਗੀ ਠੋਰੀ ਕਰਕੇ ਧੰਨ ਦੋਲਤ ਚੋਰੀ ਕੀਤੀ ਹੈ। ਉਨ੍ਹਾਂ ਨੂੰ ਦੱਖਣ ਦਰਵਾਜੇ ਰਾਂਹੀ ਜਮਦੂਤ ਗਲੇ ਵਿਚ ਫਾਂਸੀ ਪਾ ਕੇ, ਜੰਜੀਰਾਂ=ਸੰਗਲਾਂ ਨਾਲ ਬੰਨ ਕੇ ਮੁਗਦਰ ਨਾਲ ਕੁਟ ਕੇ ਧਰਮ ਰਾਜੇ ਪਾਸ ਲੈ ਜਾਂਦੇ ਹਨ। ਧਰਮ ਰਾਜੇ ਦਾ ਸੋਨੇ ਜੈਸਾ ਸਰੀਰ ਹੈ, ਅੱਧਾ ਮੂਹੰ ਸ਼ਾਮ ਰੰਗ ਅੱਧਾ ਸੋਨੇ ਦਾ, ਧਰਮ ਰਾਜਾ ਪ੍ਰਾਣੀ ਨੂੰ ਦੇਖ ਕੇ, ਚਿਤ੍ਰ ਗੁਪਤਾਂ ਨੂੰ ਪੁੱਛਦਾ ਹੈ। ਚਿਤ੍ਰ ਗੁਪਤ ਕਹਿੰਦੇ ਹਨ, ਇਸ ਨੇ ਕੋਈ ਸ਼ੁਭ ਕੰਮ ਨਹੀਂ ਕੀਤਾ। ਥੋੜਾ ਬਹੁਤ ਸੁਭ ਕਰਮ ਹੈ ਜਿਆਦਾ ਪਾਪ ਹੈ। ਤਾਂ ਧਰਮ ਰਾਜਾ ਉਸ ਨੂੰ ਕਰਮਾਂ ਅਨੁਸਾਰ ਦੁੱਖ ਸੁੱਖ ਭਗਾਉਂਦਾ ਹੈ। ਪਾਠਕ ਜਨ ਸੋਚਣਗੇ ਕੇ ਕੁਟਦੇ ਕਿਸਨੂੰ ਹਨ, ਜਾਂ ਫਾਂਸੀ ਕਿਸ ਨੂੰ ਪਾਉਂਦੇ ਹਨ। ਜਾਂ ਸੰਗਲਾਂ ਨਾਲ ਕਿਸਨੂੰ ਜਕੜ ਕੇ ਲਿਜਾਂਦੇ ਹਨ। ਸਰੀਰ ਤਾਂ ਇੱਥੇ ਰਹਿ ਜਾਂਦਾ ਹੈ। ਇਸ ਸਰੀਰ ਦੇ ਅੰਦਰ ਇਕ ਜੀਵ ਵਸਦਾ ਹੈ, ਸਰੀਰ ਤਾਂ ਉਸ ਦੇ ਰਹਿਣ ਲਈ ਘਰ ਹੈ। ਉਹ ਸੂਖਮ ਸਰੀਰ ਹੈ, ਜਿਸ ਨੂੰ ਜੀਵ ਆਤਮਾਂ ਕਹਿੰਦੇ ਹਨ। ਉਹ ਹੱਥ ਦੇ ਅੰਗੂਠੇ ਜਿਨ੍ਹੇਂ ਕੱਦ ਦਾ ਹੈ। ਉਸ ਨੂੰ ਅੰਗੁਸ਼ਟ ਪ੍ਰਾਣ ਵੀ ਕਹਿੰਦੇ ਹਨ। ਜਮਦੂਤ ਅੰਗੁਸ਼ਟ ਪ੍ਰਾਣ ਜਿਨ੍ਹੇ ਸੂਖਛਮ ਸਰੀਰ ਨੂੰ ਲੈ ਕੇ ਜਾਂਦੇ ਹਨ। ਪ੍ਰਭੂ ਦੀ ਮਾਇਆ ਦਾ ਹੀ ਖੇਲ ਹੈ, ਉਸ ਜੀਵ ਨੂੰ ਆਪਣਾ ਸਰੀਰ=ਦੇਹੀ ਪਹਿਲੇ ਸਰੀਰ ਜੈਸੀ ਹੀ ਜਾਪਦੀ ਹੈ। ਜਿਹੜੇ ਆਤਮ ਦ੍ਰਸ਼ੀ ਸਾਧੂ ਹਨ, ਉਹ ਇਸ ਅਸਥੂਲ ਸਰੀਰ ਨਾਲ ਇਤਨਾ ਪੱਕਾ ਸਬੰਧ ਨਹੀਂ ਰੱਖਦੇ।

ਉਹ ਤੱਤ ਵੇਤੇ ਪੁਰਖ ਆਤਮ ਦ੍ਰਸ਼ੀ, ਪੂਜਾ ਸੇਵਾ ਵੀ ਆਪਣੀ ਆਤਮਾਂ ਦੀ ਹੀ ਕਰਦੇ ਹਨ। ਇਸੇ ਨੂੰ ਪ੍ਰਮਾਤਮਾਂ ਦਾ ਸਰੂਪ ਸਮਜਦੇ ਹਨ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥
ਮਹਲਾ ੩॥ ਪੰਨਾ ੪੪੧

ਅਰਥ:- ਹੇ ਮਨਾ-ਤੂੰ ਖੁਦ ਹੀ ਜੋਤੀ=ਪ੍ਰਮਾਤਮਾਂ ਦਾ ਰੂਪ ਹੈਂ। ਤੂੰ ਆਪਣੇ ਮੂਲੁ=ਪ੍ਰਮੇਸ਼ਰ ਦੀ ਆਪਣੇ ਅੰਦਰੋਂ ਹੀ ਪਛਾਣ ਕਰ। ਹੇ ਮਨਾ-ਉਹ ਹਰੀ ਤੇਰੇ ਨਾਲ ਹੀ ਹੈ। ਤੂੰ ਗੁਰਾਂ ਦੀ ਸਿਖਿਆ ਦੁਆਰਾ, ਉਸ ਦੇ ਨਾਲ ਰੰਗ ਮਾਣੁ=ਅਨੰਦ ਦਾ ਭੋਗਣਾ ਕਰ। ਪਰ ਗੁਰੂ ਦਾ ਬਚਨ ਮੰਨਣਾ ਕਰੀਂ। ਝੂਠ ਨਾ ਬੋਲੀ ਗੁਰੂ ਅੱਗੇ।

(ਅਠਾਰਾਂ ਨਰਕਾਂ ਦੇ ਨਾਮ)

1. ਕੁੰਭੀ ਨਰਕ ਹੈ:- ਮੁੱਖ ਕੁੰਭੀ=ਘੜੇ ਜੈਸਾ ਛੋਟਾ ਹੈ। ਹੇਠੋਂ ਕਈ ਹਜ਼ਾਰ ਜੋਜਨ ਵਿਚ ਹੈ। ਮਲ ਮੂਤਰ, ਲਹੂ ਰਾਧ, ਮੂੰਹ ਦੀਆਂ ਲਾਲਾਂ, ਆਦਿਕ ਦੁਰਗੰਧੀਆਂ ਦੇ ਨਾਲ ਭਰਿਆ ਹੈ। ਉਸ ਵਿਚ ਪਾਪੀ ਪੁਰਸ਼ਾਂ, ਇਸਤ੍ਰੀਆਂ ਨੂੰ ਪਾਇਆ ਜਾਂਦਾ ਹੈ। ਦੇਖ ਕੇ ਭੈ ਆਉਂਦਾ ਹੈ।

2. ਰੌਰਵ ਨਰਕ ਤੇਲ ਜੰਤ੍ਰ ਨਰਕ ਹੈ। ਇਥੇ ਵੱਡੇ ਪਾਪੀਆਂ ਨੂੰ ਤੇਲ ਵਿਚ ਤਲਿਆ ਜਾਂਦਾ ਹੈ, ਪਰ ਜਾਨ ਨਹੀਂ ਨਿਕਲਦੀ, ਪਿਆ ਤੜਪਦਾ ਹੈ। ਜਦੋਂ ਭਗਵਾਨ ਗੁਰੂ ਗੋਬਿੰਦ ਨਾਮ ਰੱਖਾ ਕੇ ਆਏ ਸੀ, ਉਦੋਂ ਉਹੀ ਤੇਲ ਜੰਤ, ਨਰਕ ਵਾਲਾ ਡੰਡ ਅਨੰਦਪੁਰ ਸਾਹਿਬ ਵਿੱਚ, ਅਤੇ ਡੇਹਾਰਾਦੂਨ ਵਿਚ ਪਾਪੀ ਪੁਰਸ਼ਾਂ, ਮਸੰਦਾਂ ਨੂੰ ਤੇਲ ਦੇ ਕੜਾਹੇ ਵਿਚ ਤਲਿਆਂ ਸੀ। ਜੋ ਗੁਰੂ ਕੀ ਮਾਇਆ ਚੋਰੀ ਕਰਦੇ ਸੀ। ਹੁਣ ਜਿਹੜਾ ਗੁਰੂ ਦੀ ਮਾਇਆ ਚੋਰੀ ਕਰੇਗਾ, ਗੁਰੂ ਅੱਗੇ ਖੜ੍ਹ ਕੇ ਝੂਠੀ ਅਰਦਾਸ ਕਰੇਗਾ, ਉਹਨਾਂ ਨੂੰ ਤੇਲ ਜੰਤ, ਨਾਮੀਂ ਨਰਕ ਵਿਚ ਤਲਿਆ ਜਾਏਗਾ। ਪਿਆਰਿਓ ਅਜੇ ਵੇਲਾ ਹੈ, ਮਾਫੀਆਂ ਮੰਗ ਲਓ, ਅੱਗੇ ਤੋਂ ਇੰਮੀਗਰੇਸ਼ਨ ਵਾਲੀ ਅਰਦਾਸ ਮਤਾ ਪਾ ਕੇ ਬੰਦ ਕਰ ਦਿਓ, ਗੁਰੂ ਨਿਰਵੈਰ ਹਨ। ਵੈਰ ਨਹੀਂ ਰੱਖਦੇ ਕਿਸੇ ਨਾਲ, ਬਖ਼ਸ਼ ਦੇਣਗੇ। ਅਖੰਡਪਾਠ ਕਰਕੇ ਭਰੀ ਸੰਗਤ ਵਿਚ ਮੁਆਫੀਆਂ ਮੰਗੋਂ, ਜਿਨ੍ਹਾਂ ਨੇ ਇਹ ਗੁਨਾਹ ਕੀਤਾ ਹੈ। ਦਾਸ ਨੇਕ ਸਲਾਹ ਦਿੰਦਾ ਹੈ।

4. ਅਜਰਬ=ਨਰਕ ਹੈ=ਕੜਾਹੇ ਦੀ ਤਰ੍ਹਾਂ ਹੈ, ਜੀਵ ਗੁੜ ਵਾਂਗ ਉਬਲਦੇ ਹਨ, ਤੜਪਦੇ ਹਨ।

5. ਖੰਡੇ ਦੀ ਧਾਰ ਜੈਸਾ ਹੈ। ਖੰਡੇ ਧਾਰ ਗੱਲੀ ਅੱਤ ਭੀੜੀ॥ ਲੇਖਾ ਲੀਜੈ ਤਿਲ ਜੀਉ ਪੀੜੀ॥

6. ਸੂਚੀ ਨਾਮ=ਨਰਕ ਹੈ।

7. ਭੈਸਾ ਨਾਮ ਨਰਕ ਹੈ।

8. ਅਸਪਤ੍ਰ ਨਰਕ ਹੈ।

9. ਸਲਮੁਖ ਨਰਕ ਹੈ, ਏਥੇ ਕੋਲੂਆਂ ਵਿਚ ਪੀੜੇ ਜਾਂਦੇ ਹਨ ਪਾਪੀ ਜੀਵ।

10. ਗਰਬ ਨਰਕ ਹੈ।

11. ਅੰਧਕੂਪ ਨਕਰ ਹੈ।

12. ਘਿਰਤ ਤਪਤ ਨਰਕ ਹੈ, ਏਥੇ ਘਿਓ ਦੇ ਕੜਾਹੇ ਉਬਾਲੇ ਖਾਂਦੇ ਨੇਂ, ਘਿਓ ਵਿਚ ਤਲੇ ਜਾਂਦੇ ਹਨ ਪਾਪੀ ਜੀਵ, ਤੇਲ ਨਾਲੋਂ ਕੁਛ ਚੰਗਾ ਹੈ, ਘਿਓ ਤਾਂ ਹੈ।

13. ਅਗਨੀਂ ਕੁੰਡ ਨਰਕ ਹੈ, ਚਾਰ ਚਾਰ ਕੋਹ ਤੱਕ ਅੱਗ ਦਾ ਸੇਕ ਜਾਂਦਾ ਹੈ।

14. ਤਪਤ ਥੰਮ ਨਰਕ ਹੈ, ਤਪਦੇ ਥੰਮਾਂ ਨਾਲ ਜੱਫੀਆਂ ਪਵਾਂਦੇ ਹਨ।

15. ਸ਼ਿੱਕਾ ਨਾਮੀਂ ਨਰਕ ਹੈ :- ਏਥੇ ਪਾਪੀਆਂ ਦੇ ਮੂੰਹ ਵਿਚ ਸ਼ਿੱਕਾ ਢਾਲ ਕੇ ਪਾਉਂਦੇ ਹਨ। 16. ਤਮਰਾ ਨਰਕ ਹੈ, ਏਥੇ ਤਾਂਬੇ ਦੀ ਧਰਤੀ ਹੈ, ਬਾਰਾਂ ਸੂਰਜ ਉਪਰ ਤੋਂ ਤਾਂਬੇ ਨੂੰ ਤਪਾਂਦੇ ਹਨ।

17. ਲਾਭਰਖ ਨਰਕ ਹੈ। ਇੱਥੇ ਤਪਦਾ ਰੇਤ ਪਾਪੀ ਜੀਵਾਂ ਤੇ ਪਾਇਆ ਜਾਂਦਾ ਹੈ। ਅਤੇ ਇਸ ਵਿਚ ਮੂੰਹ ਦੀਆਂ ਲਾਲਾ, ਅਤੇ ਥੁੱਕ ਨਾਲ ਭਰੇ ਕੁੰਡ ਹਨ, ਉਸ ਵਿਚ ਪਾ ਦਿੰਦੇ ਜਨ। ਜਦੋਂ ਭੁੱਖ ਲੱਗਦੀ ਹੈ ਤਾਂ ਮੂੰਹ ਦੀਆਂ ਲਾਲਾ ਅਤੇ ਥੁੱਕ ਖਾਣ ਨੂੰ ਮਿਲਦਾ ਹੈ। ਉਥੇ ਜੀਵ ਕਸ਼ਟ ਪਾ ਕੇ ਰੋਂਦਾ ਕਰਲਾਂਦਾ ਹੈ, ਕੇ ਮੈਂ ਬਹੁਤ ਗਲਤ ਕੰਮ ਕੀਤੇ ਹਨ।

18. ਅਠਾਰਵਾਂ ਨਰਕ ਧਰਤੀ ਤੇ ਹੈ:- ਜਿਹੜੇ ਕਹਿੰਦੇ ਹਨ ਨਰਕ ਕੋਈ ਨਹੀਂ ਮੈਂ ਬਹੁਤ ਸਿਆਣਾ ਹਾਂ, ਪਾਪ ਕਰਮ ਕਰਕੇ ਵੱਡੀਆਂ ਵੱਡੀਆਂ ਫੈਕਟਰੀਆਂ ਲਾ ਦਿੱਤੀਆਂ ਹਨ। ਮੈਨੂੰ ਕੋਈ ਪੁਛਣ ਵਾਲਾ ਨਹੀਂ ਹੈ। ਉਹਨਾਂ ਨੂੰ ਦਖਾਉਣ ਵਾਸਤੇ 18ਵਾਂ ਨਰਕ ਧਰਤੀ ਤੇ ਰੱਖਿਆਂ ਹੈ। ਜੋ ਅੱਖਾਂ ਤੋਂ ਅੰਧੇ ਹਨ, ਪਿੰਗਲੇ ਹਨ, ਲੂਲੇ ਹਨ, ਰੋਗੀ ਹਨ, ਦਲਿਦ੍ਰੀ ਹਨ, ਪ੍ਰਾਏਧੀਨ ਹਨ, ਜੇਹਲਾਂ ਵਿਚ ਹਨ, ਅਤੀ ਗਰੀਬ ਹਨ, ਕੋਹੜੀ ਹਨ, ਪੇਟ ਭਰ ਕੇ ਰੋਟੀ ਨਹੀਂ ਮਿਲਦੀ, ਦਰ ਦਰ ਮੰਗਦੇ ਫਿਰਦੇ ਹਨ, ਲੋਕ ਮੰਗਤੇ ਨੂੰ ਦੁਰ ਦੁਰ ਕਰਦੇ ਹਨ, ਧੱਕੇ ਮਾਰਦੇ ਹਨ। ਬੋਲੇ, ਕਾਣੇ, ਗੰਜੇ ਹਨ, ਇਹ ਅਠਾਰਵਾਂ ਨਰਕ ਧਰਤੀ ਤੇ ਦਿਖਾਇਆ ਹੈ। ਜੋ ਲੋਕ ਇਸ ਨਰਕ ਨੂੰ ਦੇਖ ਕੇ ਸਮਝ ਜਾਣ। ਜੋ ਲੋਕ ਬੇਦ ਸ਼ਾਸਤ੍ਰ ਧਾਰਮਕ ਗ੍ਰੰਥਾਂ ਦਾ ਕਹਿਣਾ ਨਹੀਂ ਮੰਨਦੇ, ਗੁਰੂ ਗ੍ਰੰਥ ਸਾਹਿਬ ਨੂੰ ਮਖੌਲ ਠੱਠੇ ਕਰਦੇ ਹਨ। ਉਹ ਅਵੱਸ਼ ਨਰਕਾਂ ਨੂੰ ਜਾਂਦੇ ਹਨ। ਹਾਲਾਂ ਕੇ ਗੁਰੂ ਦੀ ਅਸੀਸ ਕਰਕੇ ਬੰਧਨਾਂ ਤੋਂ ਛੁਟਕਾਰਾ ਹੁੰਦਾ ਹੈ। ਗੁਰੂ ਤੋਂ ਬੇਮੁੱਖ ਹੋ ਕੇ ਗੁਰੂ ਦੀ ਦੁਰਾਸੀਸ਼ ਲੈ ਕੇ ਕੁੰਭੀ ਨਰਕ ਵਿਚ ਗੋਤੇ ਖਾਂਦਾ ਹੈ। ਉਥੇ ਤੇਰੀ ਸਿਆਣਪ ਅਤੇ ਚੜ੍ਹਾਈ ਨਹੀਂ ਚਲਣੀਂ। ਸੱਚੀ ਕਚਿਹਰੀ ਵਿਚ ਸੱਚੇ ਹੀ ਫੈਸਲੇ ਹੁੰਦੇ ਹਨ। ਭਾਗਵਤ ਸਕੰਧ ੫ ਅਧਿਆਇ ੨੬

(ਕੁੜੀ ਮਾਰ ਦਾ ਨਹੀਂ ਪ੍ਰਛਾਵਾਂ ਲੈਣਾ)

ਕੁੜੀ ਮਾਰ ਦਾ ਨਹੀਂ ਪ੍ਰਛਾਵਾਂ ਲੈਣਾ, ਵਰਤੋਂ ਕਰ ਵਿਹਾਰ ਕੋਈ ਪਾਵਨਾ ਨਹੀਂ ਹੁਕਮ ਦਸ਼ਮੇਸ਼ ਜੀ

ਭੂਮਿਕਾ:- ਸਰਬੰਸ ਦਾਨੀਂ ਅੰਮ੍ਰਿਤ ਕੇ ਦਾਤੇ ਚੋਜੀ ਪ੍ਰੀਤਮ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇਂ ਖੰਡੇ ਬਾਟੇ ਦਾ ਅੰਮ੍ਰਿਤ ਛਕਾਕੇ, ਖਾਲਸਾ ਪੰਥ ਸਾਜਿਆ। ਖਾਲਸਾ ਜੀ ਨੂੰ ਕੁਝ ਨਸੀਹਤਾਂ ਵੀ ਦਿਤੀਆਂ, ਅੱਜ ਦੇ ਪ੍ਰਸੰਗ ਵਿੱਚ ਦਾਸ ਕੁਝ ਕਰਹਿਤਾਂ ਦੀ ਵਿਚਾਰ ਖਾਲਸਾ ਪੰਥ ਨਾਲ ਸਾਂਜੇ ਕਰੇਗਾ। ਜਿਨ੍ਹਾਂ ਕਰਹਿਤਾਂ ਵਿਚ ਕੁੜੀ ਨੂੰ ਮਾਰਨ ਦੀ ਕਰਹਿਤ ਕਰਨ ਵਾਲੇ ਪਰਵਾਰ ਨਾਲ, ਨਾ ਮਿਲਵਰਤਨ ਦਾ ਹੁਕਮ ਹੈ, ਸੱਚੇ ਪਾਤਿਸ਼ਾਹ ਜੀ ਦਾ। ਕਿਸੇ ਕਿਸਮ ਦਾ ਵਰਤਾਵਾ ਨਹੀਂ ਰੱਖਣਾ। ਜਿਸ ਨੂੰ ਅੱਜ ਕੱਲ ਕਹਿੰਦੇ ਹਾਂ, ਫਲਾਣਾਂ ਬੰਦਾ ਪੰਥ ਵਿਚੋਂ ਛੇਕ ਦਿਤਾ ਹੈ। ਇਸਨੇਂ ਖਾਲਸਾ ਪੰਥ ਦੇ ਸੰਵਿਧਾਨ ਦੀ ਉਲੰਘਣਾ ਕੀਤੀ ਹੈ। ਅੱਜ ਜੇ ਕਰ ਇਸ ਪਾਪ ਕਰਮ ਦੀ ਇਨਕੁਆਇਰੀ ਕੀਤੀ ਜਾਵੇ ਕੁੜੀ ਮਾਰਾਂ ਦੀ, ਤਾਂ ਉਂਗਲਾਂ ਤੇ ਗਿਣਨ ਜੋਗੇ ਰਹਿ ਜਾਣਗੇ। ਬਾਕੀ ਕ੍ਰੋੜਾਂ ਦੀ ਗਿਣਤੀ ਵਿਚ ਤਨਖਾਈਏ ਸਿੱਖ ਨਿਕਲਨਗੇ। ਜਿਨ੍ਹਾਂ ਵਿਚ ਸਿੱਖ ਕੌਮ ਨੂੰ ਗਿਆਨ ਬੱਖਸ਼ਣ ਵਾਲੇ ਪ੍ਰਚਾਰਕ, ਅਤੇ ਸਿੱਖ ਕੌਮ ਦੇ ਧਾਰਮਕ ਆਗੂ ਵੀ ਆਉਣਗੇ, ਜੇਕਰ ਗੁਰਮੁਖ ਪਿਆਰਿਓ ਮੇਰੀ ਸਲਾਹ ਮੰਨੋਗੇ ਤਾਂ ਪਹਿਲਾਂ ਪ੍ਰਚਾਰਕਾਂ ਨੂੰ ਗੁਰਦੁਆਰਾ ਸਾਹਿਬ ਦੀ ਸਟੇਜ ਤੇ ਟੈਮ ਦੇਣ ਤੋਂ ਪਹਿਲਾਂ ਪੁੱਛ ਲਿਆ ਕਰੋ, ਤੁਹਾਡੇ ਕਿੰਨੇ ਬੱਚੇ ਹਨ, ਕਿੰਨੇਂ ਪੁਤ੍ਰ ਅਤੇ ਧੀਆਂ। ਸਿੱਖੀ ਦੇ ਬੂਟੇ ਨੂੰ ਪ੍ਰਫੁਲਤ ਕਰਨ ਲਈ ਯੋਗਦਾਨ ਪਾਇਆ ਹੈ, ਜਾਂ ਕਮਜ਼ੋਰ ਕੀਤਾ ਹੈ। ਇਹਨਾਂ ਤੋਂ ਬਾਦ, ਧਰਮ ਨੂੰ ਚਲਾਉਣ ਵਾਲੇ ਆਗੂਆਂ ਦੀ, ਇਕ ਲਿਸਟ ਬਣਾਈ ਜਾਵੇ। ਜਿਸ ਤਰ੍ਹਾਂ ਘਟ ਕੁੜੀਆਂ ਪੈਦਾ ਕਰਨ ਵਿਚ ਪੰਜਾਬ ਦਾ ਨਾਮ ਉਤੇ ਹੈ, ਅਤੇ ਫਤਹਿਗੜ੍ਹ ਸਾਹਿਬ ਜਿਲੇ ਵਿਚ ਰਹਿਣ ਵਾਲਿਆਂ ਦਾ ਹੱਥ ਸਭ ਤੋਂ ਉਪਰ ਦਸਿਆ ਜਾਂਦਾ ਹੈ। ਆਓ ਸੁਣੀਐ ਗੁਰੂ ਜੀ ਦੇ ਹੁਕਮ, ਅਸੀਂ ਸਿਖ ਕਹਾਉਣ ਵਾਲੇ ਪੁੰਨੀ ਹਾਂ ਜਾਂ ਪਾਪੀ।

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥
ਮ: ੩॥ ਪੰਨਾ ੧੪੧੩

ਅਰਥ:- ਬ੍ਰਹਮਣ ਦਾ ਘਾਤ ਕਰਨਾ=ਮਾਰਨਾਂ, ਕੈਲੀ (ਕਾਲੇ ਰੰਗ ਦੀ) ਗਊ ਦਾ ਮਾਰਨਾ, ਕੰਞਕਾ (ਮਾਸੂਮ ਬੱਚੀ) ਜਾਂ ਕੁਆਰੀ ਲੜਕੀ ਦਾ ਮਾਰਨਾ। ਇਹਨਾਂ ਸਾਰਿਆਂ ਨੂੰ ਮਾਰਨ ਵਾਲਾ ਫਿਟ ਜਾਂਦਾ ਹੈ ਕੋਹੜ ਜੈਸੀਆਂ ਭੈੜੀਆਂ ਬੀਮਾਰੀਆਂ ਲੱਗ ਜਾਂਦੀਆਂ ਹਨ, ਅੱਗੇ ਨਰਕਾਂ ਵਿਚ ਕ੍ਰੋੜਾਂ ਬਰਸ ਪਏ ਤੜਪਦੇ ਹਨ, ਪਾਪੀ ਜੀਵ। ਅਣਚਾਰੀ=ਖੋਟਾ ਪੁਰਸ਼ ਨਾਮ ਤੋਂ ਹੀਣਾ, ਸਦਾ ਪਾਪਾਂ ਦੀ ਖੱਟੀ ਕਰਨ ਵਾਲੇ ਦਾ ਧਾਨ ਖਾਣਾਂ ਨਹੀਂ ਚਾਹੀਦਾ, ਉਸ ਦੇ ਪਾਪ ਕਰਮਾਂ ਦਾ ਕੁੱਛ ਹਿੱਸਾ ਉਸਦਾ ਅੰਨ ਖਾਣ ਵਾਲੇ ਨੂੰ ਵੀ ਲੱਗ ਜਾਂਦਾ ਹੈ। ਪ੍ਰਚਾਰਕਾਂ ਵਲੋਂ ਜੇ ਕਰ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਮੁਤਾਬਿਕ ਪ੍ਰਚਾਰ ਹੁੰਦਾ ਰਹਿੰਦਾ ਤਾਂ ਲਖਾਂ ਦੀ ਗਿਣਤੀ ਵਿਚ ਕੁਖਾਂ ਵਿਚ ਬਚੀਆਂ ਨੱਸ਼ਟ ਨਾਂ ਹੁੰਦੀਆਂ, ਧੀਆਂ ਨਾਂ ਜੰਮਣ ਵਾਲਿਆਂ ਨੇਂ ਸਿੱਖੀ ਦੀਆਂ ਜੜ੍ਹਾਂ ਕੱਟੀਆਂ ਹਨ। ਆਮ ਲੋਕਾਂ ਦੀ ਤਾਂ ਗੱਲ ਕੀ ਕਰਨੀਂ ਹੈ। ਇਸ ਪਾਪ ਕਰਮ ਵਿਚ ਅੰਮ੍ਰਿਤ ਧਾਰੀ ਸਿੱਖਾਂ ਨੇਂ ਉਚੀਆਂ ਪਲਾਂਗਾਂ ਪਟੀਆਂ ਹਨ। ਜੇ ਮੇਰੀ ਗੱਲ ਤੇ ਇਤਬਾਰ ਨਹੀਂ ਤਾਂ ਸਰਵੇ ਕਰਕੇ ਦੇਖ ਲਓ ਪਿਆਰਿਓ, ਕਿਸੇ ਵਿਰਲੇ ਦੇ ਤਿਨ ਧੀਆਂ ਹੋਣਗੀਆਂ, ਜ਼ਿਸਾਦਾ ਤਰ ਲੋਕਾਂ ਦੇ ਇਕ ਇਕ ਬੱਚਾ ਹੈ, ਸਿੱਖੀ ਦਾ ਕੀ ਹਾਲ ਹੋਵੇਗਾ। ਇਕ ਬੱਚੇ ਨਾਲ ਨਾਂ ਚਾਚਾ ਨਾਂ ਤਾਇਆ, ਨਾਂ ਭੂਆ, ਨਾਂ ਮਾਸੀ, ਕੇਵਲ ਮੰਮੀ ਡੈਡੀ ਦੀ ਰਿਸ਼ਤੇਦਾਰੀ ਹੀ ਰਹਿ ਗਈ ਬੱਚੇ ਪਾਸ। ਜਿਹੜਾ ਇਕ ਇਕ ਜਾਂ ਕਿਸੇ ਦੇ ਦੋ ਬੱਚੇ ਹਨ, ਟੂ ਪਲੱਸ ਕਰਕੇ ਬਾਹਰਲੇ ਮੁਲਕਾਂ ਵਿਚ ਆਈ ਜਾਂਦੇ ਹਨ। ਪੰਜਾਬ ਨੂੰ ਆਖਰ ਵਿਹਾਰੀਆਂ ਨੇਂ ਅਤੇ ਯੂਪੀ ਵਾਲਿਆਂ ਨੇਂ ਸਾਂਭਣਾਂ ਹੈ, ਜਿਹੜੇ ਥੋਹੜੀ ਗਿਣਤੀ ਦੇ ਸਿੱਖ ਘਰਾਇਆਂ ਚੋਂ ਰਹਿ ਜਾਣਗੇ। ਉਹ ਘਟ ਗਿਣਤੀ ਵਿਚੋਂ ਹੋਣਗੇ, ਉਹ ਹਰਿ ਹਰਿ ਕਰਕੇ ਦਿਨ ਕੱਟੀ ਕਰਨਗੇ, ਜਿਸ ਤਰਾਂ ਪਾਕਸਤਾਨ ਦੇ ਸਿੱਖ ਰਹਿ ਰਹੇ ਹਨ। ਉਹਨਾਂ ਸਿੱਖਾਂ ਦੀ ਤਰਸ ਜੋਗ ਹਾਲਤ ਹੋਵੇਗੀ ਜੇ ਅਸੀਂ ਹੁਣ ਨਾਂ ਸਮਝੇ ਤਾਂ, ਫਿਰ ਪਛਤਾਏ ਕਿਆ ਬਣੇ ਜਬ ਚਿੜੀਆਂ ਚੁਗ ਗਈ ਖੇਤ। ਹਾਲੇ ਅਸੀਂ ਬਾਹਰਲੇ ਮੁਲਕਾਂ ਵਿਚ ਬੈਠੇ ਬੰਦੇ ਖਿੱਚੀ ਜਾਂਦੇ ਹਾਂ ਅਤੇ ਪੰਜਾਬ ਦੇ ਗੁਣ ਵੀ ਗਾਈ ਜਾਂਦੇ ਹਾਂ, ਇਕ ਦਹਾਕਾ ਹੋਰ ਦੇਖੋ ਸਿੱਖ ਘਟ ਗਿਣਤੀ ਵਿਚ ਰਹਿ ਜਾਣਗੇ ਤਾਂ ਹੀ ਹੁਣ ਭਾਜਪਾ ਜੰਤਾ ਪਾਰਟੀ ਪਿੰਡਾਂ ਵਿਚੋਂ ਜਿੱਤਾਂ ਪ੍ਰਾਪਤ ਕਰ ਰਹੀ ਹੈ। ਪੰਜਾਹ ਲੱਖ ਰੁਪਏ ਤੱਕ ਖ਼ਰਚ ਕੇ ਧੱੜਾ ਧੱੜਾ ਆ ਰਹੇ ਹਨ। ਅੱਜ ਓਥੇ ਜਮੀਨਾਂ ਦੇ ਭਾ ਬਹੁਤ ਗਿਰ ਗਏ ਹਨ, ਬੇਚਕੇ ਬਾਹਰ ਆਉਣ ਵਾਲੇ 70% ਲੋਕ ਹਨ, ਜਿਹੜੇ 30% ਰਹਿੰਦੇ ਨੇਂ ਉਹ ਗਰੀਬੀ ਦੇ ਗ੍ਰਸੇ ਹੋਏ ਹਨ, ਜਿਹੜੇ ਬੇਚਾਰੇ ਜ਼ਹਿਰਾਂ ਖਾ ਕੇ ਮਰਦੇ ਹਨ, ਉਹਨਾਂ ਨੇਂ ਕਿਥੋਂ ਖਰੀਦਣੀ ਹੈ। ਨਾਲੇ ਅਸੀ ਆਪਣੇ ਸਭ ਰਿਸ਼ਤੇਦਾਰ ਆਂਢੀ ਗੁਆਂਢੀ ਖਿੱਚੀ ਜਾਂਦੇ ਹਾਂ, ਪੰਜਾਬ ਨੂੰ ਖਾਲੀ ਕਰਨ ਤੇ ਤੁੱਲੇ ਹੋਏ ਹਾਂ, ਨਾਲੇ ਮੀਡੀਏ ਰਾਂਹੀ ਸੋਹਲੇ ਪੰਜਾਬ ਦੇ ਹੀ ਗਾਈ ਜਾਂਦੇ ਹਾਂ। ਹੁਣ ਆਪਾਂ ਜੀਹਦਾ ਖਾਈਏ ਉਹਦਾ ਜੱਸ ਗਾਈਏ, ਸੋਹਲੇ ਵੀ ਕੈਨੇਡਾ ਦੀ ਹੀ ਗਾਈਏ। ਪਿਛਲੇ ਦਿਨੀਂ ਸੁਖਵੀਰ ਬਾਦਲ ਨੇਂ ਇਹਨਾਂ ਅੰਕੜਾਂ ਨੂੰ ਦੇਖਕੇ ਬਿਆਨ ਦਿੱਤਾ ਸੀ, ਕੇ ਸਿੱਖਾਂ ਨੂੰ ਬੱਚੇ ਜ਼ਿਆਦਾ ਪੈਦਾ ਕਰਨੇ ਚਾਹੀਦੇ ਹਨ। ਉਹਨਾਂ ਨੇ ਇਹ ਬਿਆਨ ਠੀਕ ਹੀ ਦਿੱਤਾ ਸੀ। ਪਰ ਉਹ ਬਾਹਰਲੇ ਮੁਲਕਾਂ ਨੂੰ, ਸਿੱਖਾਂ ਦੀਆਂ ਵਹੀਰਾਂ ਘਤੀਆਂ ਨੂੰ ਦਬਾ ਗਏ ਸਨ। ਉਹ ਸਮਝਦੇ ਹਨ, ਕੇ ਜੇ ਬੱਚਾ ਵੀ ਹਰਿ ਜੋੜੇ ਪਾਸ ਇਕੋ ਹੀ ਰਿਹਾ ਅਤੇ ਕੈਨੇਡਾ ਅਮੇਰਕਾ ਨੂੰ ਜਾਣਦਾ ਏਹੀ ਰੁਝਾਨ ਰਿਹਾ, ਤਾਂ ਜਿੱਥੇ ਹੁਣ ਚੀਫ ਮਨਿਸਟਰੀ ਅਕਾਲੀ ਦਲ ਦੀ ਹੈ, ਆਉਣ ਵਾਲੇ ਸਮੇਂ ਵਿਚ ਭਾਜਪਾ ਜੰਤਾ ਪਾਰਟੀ ਦੀ ਚੀਫ ਮਨਿਸਟਰੀ ਹੋਵੇਗੀ। ਸ਼ਹਿਰ੍ਹਾਂ ਵਿਚ ਹੁਣ ਵੀ ਭਈਆਂ ਦੀ ਸਰਦਾਰੀ ਹੈ। ਇਕ ਬਜ਼ਾਜ ਦੀ ਦੁਕਾਨ ਤੇ ਮੈਂ ਬੈਠਾ ਸੀ ਉਸ ਨੇ ਕਿਹਾ ਪਟਿਆਲੇ ਸ਼ਹਿਰ ਅੰਦਰ 60% ਕੰਮ ਭਈਆਂ ਪਾਸ ਹੈ। ਸਰਦਾਰ ਪਾਸ ਕੋਈ ਦੁਕਾਨ ਹੋਵੇਗੀ ਤਾਂ ਬਿਜ਼ਨੈਸ ਖੋਲਹਿਗਾ। ਵਿਹਾਰੀ ਅਤੇ ਯੂਪੀ ਵਾਲੇ ਜਿਥੇ ਜਗਾ ਦੇਖੀ ਰੇੜ੍ਹੀ ਲਾਕੇ ਫਲ ਫਰੂਟ, ਸਬਜੀਆਂ, ਗੰਨੇ ਦਾ ਰਸ, ਜਲੇਬੀਆਂ, ਪਕੌੜੇ, ਅਤੇ ਰੋਟੀ ਦਾ ਕੰਮ ਰੇੜ੍ਹੀਆਂ ਤੇ ਕਰਦੇ ਹਨ। ਦੁਕਾਨਾਂ ਵਾਲੇ ਫੇਲ੍ਹ ਹਨ, ਇਹਨਾਂ ਦੇ ਅਗੇ ਅਖੀਂ ਡਿਠਾ ਹਾਲ ਲਿਖਦਾ ਹਾਂ। ਪਟਿਆਲੇ ਬੱਸ ਸਟੈਂਡ ਦੇ ਅੰਦਰਲੇ ਪਾਸੇ ਦੀ ਸਟਰੀਟ ਤੇ ਫਰੂਟ ਦੀਆਂ ਰੇੜੀਆਂ ਲਾਉਂਦੇ ਹਨ ਭਈਏ, ਇਕ ਸਰਦਾਰ ਮੁੰਡਾ 35-40 ਸਾਲ ਦਾ ਫਰੂਟ ਖ੍ਰੀਦਣ ਲੱਗਾ। ਕਿਸੇ ਗੱਲ ਤੋਂ ਭਈਏ ਨਾਲ ਝਗੜਾ ਹੋ ਗਿਆ, ਗੱਲ ਹਥੋਂ ਪਾਈ ਤਕ ਪਹੁੰਚ ਗਈ। ਮੇਰੇ ਅਖੀਂ ਦੇਖਦਿਆਂ ਪਹਿਲਾ ਬਾਧਾ ਸਰਦਾਰ ਨੇਂ ਕੀਤਾ ਸੀ, ਆਪਣਾ ਪੰਜਾਬ ਦੇਸ਼ ਸਮਝਕੇ। ਉਸਦੀ ਰੇਹੜੀ ਨੂੰ ਟੇਹਡੀ ਕਰਕੇ ਫਰੂਟ ਧਰਤੀ ਤੇ ਗੇਰ ਦਿੱਤਾ ਸੀ। ਫੇਰ 20-30 ਰੇਹੜੀਆਂ ਵਾਲਿਆਂ ਨੇ ਸਰਦਾਰ ਮੁੰਡੇ ਨੂੰ ਬੁਰੀ ਤਰ੍ਹਾਂ ਘਸੁਨ ਮੁਕੀ ਕੀਤੀ। ਸਭ ਪੰਜਾਬੀ ਦੇਖਕੇ ਲੰਘੀ ਜਾਂਦੇ ਸੀ, ਕਿਸੇ ਪੰਜਾਬੀ ਦਾ ਹੀਆ ਨਹੀਂ ਪਿਆ ਕੇ ਸਿਖ ਮੁੰਡੇ ਨੂੰ ਬਚਾਈਏ, ਉਸ ਸਿੱਖ ਮੁੰਡੇ ਦੀ ਮਾਂ 70 ਸਾਲ ਦੀ ਦੁਹਾਈਆਂ ਪਾਉਂਦੀ ਸੀ। ਆਖਰ ਇਕ ਪੁਲਿਸ ਵਾਲਾ ਸਰਦਾਰ ਆ ਗਿਆ, ਉਸਨੇ ਭਈਆਂ ਦੇ ਹੱਥ ਖਿੱਚ ਕੇ ਪਰ੍ਹੇ ਕੀਤੇ, ਤਾਂ ਉਸਦੀ ਜਾਨ ਬਚੀ। ਪੁਲਿਸ ਵਾਲਾ ਆਨ ਡਿਊਟੀ ਨਹੀਂ ਸੀ। ਕਿਸੇ ਹੋਰ ਸ਼ਹਿਰ ਦਾ ਸੀ, ਬਾਜ ਪਾਈ ਦੀ ਸਰਕਾਰ ਵੇਲੇ ਬਾਜ ਪਾਈ ਦੀ ਰੈਲੀ ਸੀ, ਉਸ ਦਿਨ ਪੋਲੋ ਗਰਾਉਂਡ ਵਿਚ, ਓਥੇ ਡਿਊਟੀ ਦੇ ਕੇ ਸ਼ਾਮ ਦੇ ਟੈਮ ਵਾਪਸ ਆਪਣੇ ਘਰ ਨੂੰ ਜਾ ਰਿਹਾ ਸੀ। ਵੈਸੇ ਵਾ ਵਰਦੀ ਸੀ, ਇਸ ਕਰਕੇ ਮੁੰਡੇ ਦੀ ਜਾਨ ਬਚੀ ਸੀ। ਤਾਂ ਹੀ ਮੈਂ ਅਖੀਂ ਦੇਖਿਆ ਹਾਲਾ ਲਿਖਿਆ ਹੈ, ਕੇ ਘਟ ਗਿਣਤੀ ਵਿਚ ਰਹਿਣ ਵਾਲਿਆਂ ਦੀ ਤਰਸ ਜੋਗ ਜ਼ਿੰਦਗੀ ਹੋਵੇਗੀ। ਪਿੱਛੇ ਜੋ ਬੀਤੀ ਸੋ ਬੀਤੀ ਅੱਗੇ ਸਮਝ ਚਲੋ ਨੰਦ ਲਾਲਾ। ਇਸਦੇ ਉਤੇ ਸੈਮੀਨਾਰ ਮੀਟਿੰਗਾਂ ਕਰਕੇ ਸੋਚਣਾ ਚਾਹੀਦਾ ਹੈ ਸਿੱਖ ਜਗਤ ਨੂੰ, ਕੇ ਅਸੀਂ ਕੀ ਖਟਿਆ ਕੀ ਗਵਾਇਅ ਪੰਜਾਬ ਨੂੰ ਅਲਵਿਦਾ ਕਹਿਕੇ। ਜੇ ਅਬਾਮਾਂ ਸਾਹਿਬ ਨੇਂ ਦੀਵਾਲੀ ਦੀਆਂ ਮੋਮ ਬਤੀਆਂ ਜਗਾ ਦਿੱਤੀਆਂ ਤਾਂ ਅਸੀਂ ਬਹੁਤ ਖੁਸ਼ ਹੁੰਦੇ ਹਾਂ ਫੂਲੇ ਨਹੀਂ ਸਮਾਂਦੇ। ਕੈਨੇਡਾ ਦੇ ਹਾਊਸ ਆਫ ਕਾਮਨਜ਼ ਵਿਚ ਦੀਵਾਲੀ ਮਨਾ ਕੇ ਬਹੁਤ ਖੁਸ਼ੀ ਮਹਿਸੂਸ ਕਰਦੇ ਹਾਂ। ਵੈਸੇ ਤਾਂ ਖੁਸ਼ੀ ਦੀ ਗੱਲ ਹੈ, ਸ਼ਲਾਘਾਯੋਗ ਕੰਮ ਹੈ ਜਿਹਨਾਂ ਨੇਂ ਇਹ ਉਦਮ ਕੀਤਾ, ਹੁਣ ਇਹ ਵੀ ਸਾਡਾ ਦੇਸ਼ ਹੈ ਕੈਨੇਡਾ, ਪਰ ਏਹਦੇ ਨਾਲ ਇਹ ਵੀ ਸੋਚਣਾ ਜ਼ਰੂਰੀ ਹੈ, ਜਿਹੜੀਆਂ ਸਾਡੀਆਂ ਕੋਠੀਆਂ ਨੂੰ ਲਾਕ ਲਗੇ ਹਨ, ਉਹਨਾਂ ਵਿਚ ਤਾਂ ਦੀਵੇ ਗੁਲ ਹੁੰਦੇ ਹਨ ਦੀਵਾਲੀ ਦੇ ਰੋਜ਼, ਜੋ ਸਾਲਾਂ ਬੱਧੀ ਬੰਦ ਪਈਆਂ ਹਨ। ਇਸ ਕੀਟ ਨੇਂ ਆਪਣੇ ਮਨ ਦੀ ਭਾਵਨਾ ਲਿਖੀ ਹੈ, ਅੱਗੇ ਆਉਣ ਵਾਲੇ ਸਮੇਂ ਦੀ ਵਿਚਾਰ ਕੀਤੀ ਹੈ। ਅੱਗੇ ਸਿੱਖ ਜਗਤ ਦੇ ਪਤਵੰਤੇ ਆਗੂਆਂ ਨੇਂ ਅਤੇ ਪ੍ਰਚਾਰਕਾਂ ਨੇਂ ਕਥਾ ਵਾਚਕਾਂ ਨੇ ਫੈਸਲਾ ਕਰਨਾ ਹੈ, ਜੋ ਸਿੱਖ ਜਗਤ ਨੂੰ ਹਰਿ ਰੋਜ਼ ਗਿਆਨ ਬਖਸ਼ਦੇ ਹਨ। ਇਹ ਵੀ ਸੋਚਣਾ ਹੈ ਕੇ ਇਸ ਪਰਚਾਰ ਦੇ ਹੁੰਦੇ ਹੋਏ, ਸਿੱਖ ਜਗਤ ਅੱਗੇ ਜਾ ਰਿਹਾ ਹੈ ਜਾਂ ਪਿਛੇ ਡਿਗਿਆ ਹੈ ਸਾਡੇ ਧਾਰਮਿਕ ਇਤਿਹਾਸਕ ਗੁਰਦੁਆਰੇ ਹਨ, ਆਉਂਦੇ ਵੀਹਾਂ ਸਾਲਾਂ ਤਕ ਉਹਨਾਂ ਦੀ ਸੇਵਾ ਸੰਭਾਲ ਲਈ ਹੁਣੇ ਤੋਂ ਵੀਚਾਰ ਹੋਣੀ ਚਾਹੀਦੀ ਹੈ। ਮੈਂ ਅੱਖੀਂ ਦੇਖ ਕੇ ਆਇਆ ਹਾਂ, ਕੋਈ ਵੀ ਮਾਂ ਪਿਓ ਨਹੀਂ ਚਾਉਂਦਾ ਕੇ ਸਾਡਾ ਬੱਚਾ ਪੰਜਾਬ ਵਿਚ ਰਹੇ। ਵਿਆਹ ਕਰਵਾਉਣ ਵਾਲੇ ਲੜਕੇ ਲੜਕੀਆਂ ਸਭ ਬਾਹਰਲੇ ਮੁਲਕਾਂ ਵਿਚ ਆਉਣਾ ਚਾਹੁੰਦੇ ਹਨ, ਅਤੇ ਆਉਂਦੇ ਹਨ। ਵਿਆਹ ਭਾਵੇਂ ਸੱਚਾ ਹੋ ਜਾਵੇ ਜਾਂ ਫਰਜ਼ੀ, ਜਾਂ ਪੈਸੇ ਦਾ ਲੈਣ ਦੇਣ ਕਰਕੇ। ਅਖਬਾਰਾਂ ਦੇ 2-3 ਪੇਜ਼ੇ ਭਰੇ ਹੁੰਦੇ ਨੇਂ, ਵੱਟੇ ਸੱਟੇ ਦੇ ਵਿਆਹਾਂ ਲਈ। ਜੀਹਦੇ ਵਿਚ ਵੱਡੀ ਗਿਣਤੀ ਜੱਟ ਸਿੱਖ ਦੀ ਹੁੰਦੀ ਹੈ। ਦਾਸ ਵਲੋਂ ਦੋਵੇਂ ਹੱਥ ਜੋੜਕੇ ਬੇਨਤੀ ਹੈ, ਇਹਨਾਂ ਵਿਆਹਾਂ ਵਾਲੀਆਂ ਐਡਾਂ ਵਿਚ ਸਿੱਖ ਸ਼ਬਦ ਦੀ ਵਰਤੋ ਨਾ ਕਰਿਆ ਕਰੋ। ਜੱਟ ਬਰਾਦਰੀ ਲਿਖ ਲਓ। ਸੱਚੇ ਪਾਤਸ਼ਾਹਿ ਦਾ ਨਾਮ ਆ ਜਾਦਾ ਹੈ, ਸਿੱਖ ਸ਼ਬਦ ਲਿਖਣ ਨਾਲ।

ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ॥
ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ॥
ਮਹਲਾ ੩॥ ਪੰਨਾ ੬੪੭

## ਉਲਟੇ ਹੋਰ ਜ਼ਮਾਨੇ ਆਏ

-ਲੋਕਨਾਥ ਸ਼ਰਮਾ-

ਜੀਵਨ ਪੜਾਵਾਂ ਭਰਪੂਰ ਹੈ ਪਰ ਦਾਈ, ਨਾਈ ਤੇ ਚਾਰ ਭਾਈ (ਜਨਮ, ਵਿਆਹ ਤੇ ਮੌਤ) ਵਾਲੇ ਤਿੰਨ ਘਟਨਾਕ੍ਰਮ ਬੜੇ ਅਹਿਮ ਤੇ ਜੱਗ ਜ਼ਾਹਿਰ ਹਨ। ਬਚਪਨ, ਜਵਾਨੀ ਤੇ ਬੁਢਾਪੇ ਵਿੱਚੋਂ ਗੁਜ਼ਰਦਾ ਹੋਇਆ ਮਨੁੱਖ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਜਾਂਦਾ ਹੈ। ਸਾਰੇ ਤਾਂ ਨਹੀਂ ਪਰ ਬਹੁਤ ਸਾਰੇ ਲੋਕ ਆਪਣੇ ਮਾਪਿਆਂ ਦੀ ਕਦਰ ਨਹੀਂ ਕਰਦੇ। ਜਿਉਂਦੇ ਜੀਅ ਕਦੇ ਬਾਤ ਵੀ ਨਹੀਂ ਪੁੱਛਦੇ, ਮਰਨ ਉਪਰੰਤ ਲੋਕ ਦਿਖਾਵਾ, ਵੱਡੇ-ਵੱਡੇ ਅਡੰਬਰ ਅਤੇ ਅਣਲੋੜੀਂਦੇ ਭੋਜਨ ਆਦਿ ਦੇ ਫਜ਼ੂਲ ਖਰਚੇ ਕਰਦੇ ਹਨ। ਮੁੱਢ ਕਦੀਮ ਤੋਂ ਹੀ ਦਸਤੂਰ ਹੈ ਕਿ ਨਵੇਂ ਜੀਵ ਦੇ ਜਨਮ 'ਤੇ ਖੁਸ਼ੀ ਅਤੇ ਮਰਨ 'ਤੇ ਗਮ ਦਾ ਇਜ਼ਹਾਰ ਕੀਤਾ ਜਾਂਦਾ ਹੈ। ਜੀਵ ਦੀ ਆਮਦ 'ਤੇ ਅਨੇਕਾਂ ਜ਼ਸ਼ਨ ਮਨਾਏ ਜਾਂਦੇ ਹਨ। ਮਰਨ ਉਪਰੰਤ ਗਮ ਦੀ ਲਹਿਰ ਦੌੜ ਜਾਂਦੀ ਹੈ ਅਤੇ ਪਹਿਲਾਂ ਤਾਂ ਕਈ-ਕਈ ਦਿਨ ਚੁੱਲ੍ਹੇ ਅੱਗ ਨਹੀਂ ਸੀ ਪਾਈ ਜਾਂਦੀ।

ਅੱਜ ਜ਼ਮਾਨਾ ਤੇਜ਼ੀ ਨਾਲ ਬਦਲ ਰਿਹਾ ਹੈ। ਉਲਟੇ ਹੋਰ ਜ਼ਮਾਨੇ ਆਏ। ਸਿਰ ਦੇ ਤਾਜਾਂ ਨੂੰ ਪੈਰਾਂ ਵਿੱਚ ਰੋਲਿਆ ਜਾ ਰਿਹਾ ਹੈ। ਬਜ਼ੁਰਗ ਬੁਰੇ ਲੱਗਣ ਲੱਗ ਪਏ ਹਨ। 'ਓਲਡ ਇਜ਼ ਗੋਲਡ' ਦਾ ਜ਼ਮਾਨਾ ਸ਼ਾਇਦ 'ਓਲਡ ਇਜ਼ ਕੋਲਡ' ਵਿੱਚ ਤਬਦੀਲ ਹੋ ਗਿਆ ਹੈ। ਕਚਹਿਰੀ ਵਿੱਚ ਟਾਈਪ ਕਰਨ ਵਾਲੇ ਰਿਟਾਇਰਡ ਪੈਨਸ਼ਨਰ ਨੇ ਆਪਣੀ ਦੁੱਖ ਭਰੀ ਦਾਸਤਾਨ ਸੁਣਾਈ। ਚਾਰ ਪੁੱਤਾਂ ਦੇ ਇਸ ਪਿਓ ਦੀ ਪਤਨੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੀ ਹੈ। ਆਪਣੀ ਔਲਾਦ ਨੂੰ ਪੜ੍ਹਾ ਲਿਖਾ ਕੇ ਚੰਗੇ ਅਹੁਦਿਆਂ 'ਤੇ ਕੰਮ ਕਰਨ ਯੋਗ ਬਣਾਉਣ ਵਾਲੇ ਪਿਤਾ ਨੂੰ ਸਾਰੇ ਪਰਵਾਰ ਵਾਲੇ ਖੁਸ਼ੀ-ਖੁਸ਼ੀ, ਸਤਿਕਾਰ ਪੂਰਵਕ ਰੋਟੀ ਦੇਣ ਨੂੰ ਤਿਆਰ ਨਹੀਂ। ਉਸ ਨੇ ਭਰੇ ਮਨ ਨਾਲ ਮੈਨੂੰ ਟਾਈਮ ਪਾਸ ਕਰਨ ਲਈ ਕਚਹਿਰੀ ਆਉਣ ਦੀ ਗੱਲ ਦੱਸੀ। ਉਸ ਦੀ ਗੱਲ ਸੁਣ ਕੇ ਮੇਰਾ ਦਿਲ ਵੀ ਦਿਲਗੀਰੀ ਖਾ ਗਿਆ। ਆਖਰ ਪਰਵਾਰ ਦੀ ਬਦਸਲੂਕੀ ਤੋਂ ਤੰਗ ਆ ਕੇ ਭੋਜਨ ਖਾਤਰ ਉਸ ਨੇ ਟਿਫਨ ਦਾ ਪ੍ਰਬੰਧ ਕਰ ਲਿਆ। ਖੁਸ਼ਕਿਸਮਤੀ ਨੂੰ ਪਹਿਲੇ ਦਿਨ ਹੀ ਟਿਫਨ ਵਾਲਾ ਭਾਈ ਪੁੱਛਦਾ ਹੋਇਆ, ਉਸੇ ਗਲੀ ਵਿੱਚ ਆਣ ਪਹੁੰਚਿਆ ਜਿਥੇ ਕੁਝ ਔਰਤਾਂ ਕਿਸੇ ਫੇਰੀ ਵਾਲੇ ਤੋਂ ਸਬਜ਼ੀ ਖਰੀਦ ਰਹੀਆਂ ਸਨ। ਜਦੋਂ ਟਿਫਨ ਮੰਗਵਾਉਣ ਵਾਲੇ ਦਾ ਨਾਂ ਪੁੱਛਿਆ ਤਾਂ ਉਸ ਵਕਤ ਸਾਰੀਆਂ ਔਰਤਾਂ ਉਨ੍ਹਾਂ ਵਿੱਚ ਖਲੋਤੀ, ਉਸ ਦੀ ਨੂੰਹ ਵੱਲ ਦੇਖਣ ਲੱਗੀਆਂ ਅਤੇ ਨਾਲ ਉਨ੍ਹਾਂ ਟਿਫਨ ਮੰਗਵਾਉਣ ਦਾ ਕਾਰਨ ਜਾਚ ਵਾਚ ਲਿਆ। ਇਸ ਦ੍ਰਿਸ਼ ਵਿੱਚ ਵਿਦਮਾਨ ਸਾਰੀਆਂ ਔਰਤਾਂ ਨੇ ਇਕ ਆਵਾਜ਼ ਵਿੱਚ ਉਸ ਨੂੰਹ ਨੂੰ ਸ਼ਰਮਿੰਦਾ ਕੀਤਾ ਤੇ ਉਸ ਨੂੰ ਬਜ਼ੁਰਗੀ ਦਾ ਮਹੱਤਵ ਸਮਝਾਉਂਦੇ ਹੋਏ, ਭਵਿੱਖ ਵਿੱਚ ਅਜਿਹੀ ਲਾਪਰਵਾਹੀ ਤੋਂ ਤੌਬਾ ਵੀ ਕਰਵਾਈ।

ਪਿਛਲੇ ਹਫਤੇ ਜਾਣ ਪਛਾਣ ਵਾਲੇ ਸੱਜਣ ਦੀ ਮਰਗਤ ਦੇ ਭੋਗ 'ਤੇ ਜਾਣ ਦਾ ਇਤਫਾਕ ਹੋਇਆ। ਮੈਰਿਜ ਪੈਲੇਸ ਵਿੱਚ ਦਾਖਲ ਹੁੰਦੇ ਸਾਰ ਵਿਆਹ ਦੀ ਤਰਜ਼ 'ਤੇ ਮੇਜ਼ਾਂ ਉਤੇ ਸਜਾਏ ਭੋਜ ਪਦਾਰਥਾਂ ਦੇ ਦਰਸ਼ਨ ਹੋਏ। ਭੋਜਨ ਪਰੋਸਣ ਲਈ ਬਹਿਰੇ ਅੱਗੇ ਪਿੱਛੇ ਘੁੰਮ ਰਹੇ ਸਨ। ਕਈ ਕਿਸਮ ਦੀਆਂ ਰੋਟੀਆਂ ਅਤੇ ਭਾਂਤ-ਸੁਭਾਂਤ ਦੀਆਂ ਸਬਜ਼ੀਆਂ ਦਾਲਾਂ ਨਜ਼ਰ ਆ ਰਹੀਆਂ ਸਨ। ਹਾਜ਼ਰ ਲੋਕਾਂ ਦੇ ਚਿਹਰਿਆਂ ਤੋਂ ਜਾਣ ਵਾਲੇ ਪ੍ਰਤੀ ਮੋਹ ਤੇ ਅਫਸੋਸ ਗੈਰਹਾਜ਼ਰ ਸੀ। ਮੌਕੇ ਦਾ ਉਲਟ ਵਿਹਾਰ ਦੇਖ ਕੇ ਮਨ ਬੜਾ ਦੁਖੀ ਹੋਇਆ। ਗੱਲ ਕੁਝ ਜਚੀ ਨਹੀਂ। ਜਾਣ ਵਾਲੇ ਬਾਬਤ ਗੱਲਾਂ ਕਰਨ ਦੀ ਬਜਾਏ, ਹਾਸੇ ਠੱਠੇ ਤੇ ਅਠਖੇਲੀਆਂ ਵਿੱਚ ਰੁੱਝਿਆ ਦੇਖ ਕੇ ਮਨ ਬੜਾ ਬੇਚੈਨ ਤੇ ਉਦਾਸ ਹੋ ਗਿਆ। ਦੁੱਖ ਸਾਂਝਾ ਕਰਨ ਆਏ ਅਨੇਕਾਂ ਪਤਵੰਤਿਆਂ ਨੇ ਮੱਥਾ ਟੇਕਿਆ, ਮੂੰਹ ਦਿਖਾਈ ਪਾਈ ਅਤੇ ਰੋਟੀ ਖਾ ਕੇ ਟੁਰਦੇ ਬਣੇ। ਕੀ ਫਾਇਦਾ ਅਜਿਹੇ ਤਕੱਲਫ ਕਰਨ ਦਾ, ਜੇ ਚੰਦ ਮਿੰਟ ਹਾਜ਼ਰੀ ਵੀ ਨਾ ਭਰੀ! ਸੋਗ ਸਮਾਗਮ ਨੂੰ ਵਿਆਹ ਦੀ ਰਸਮ ਵਿੱਚ ਤਬਦੀਲ ਹੁੰਦਾ ਦੇਖ ਕੇ ਮਨ ਨੂੰ ਠੇਸ ਜਿਹੀ ਲੱਗੀ। ਇਹ ਕਿਹੜੇ ਕਿਸਮ ਦੀ ਆਧੁਨਿਕਤਾ ਜਾਂ ਨਵੀਨਤਾ ਹੈ! ਜਿਸ ਪ੍ਰਕਾਰ ਦੇ ਸਮਾਗਮ ਵਿੱਚ ਸ਼ਾਮਲ ਹੋਣਾ ਹੋਵੇ, ਉਸ ਪ੍ਰਕਾਰ ਦਾ ਪਹਿਰਾਵਾ, ਢੁਕਵੀਂ ਸ਼ਬਦਾਵਲੀ ਅਤੇ ਮਾਹੌਲ ਮੁਤਾਬਕ ਚਿਹਰਾ ਮੋਹਰਾ ਮੌਕੇ ਦੀ ਮੰਗ ਹੈ। ਅਢੁਕਵਾਂ ਵਿਹਾਰ, ਬੇਵਕਤੀ ਬਾਤਚੀਤ ਅਤੇ ਉਚੇਚਾ ਖਾਣ ਪੀਣ ਸੋਭਾ ਨਹੀਂ ਦਿੰਦਾ। ਮਾਪਿਆਂ ਦੀ ਸਾਂਭ ਸੰਭਾਲ ਕਰਨ ਨਾਲ ਰੱਬ ਆਪੇ ਹੀ ਮਿਲ ਜਾਂਦਾ ਹੈ। ਦੁੱਖ ਸਾਂਝਾ ਕਰਨ ਨਾਲ ਦੁੱਖ ਘੱਟ ਜਾਂਦਾ ਹੈ। ਜਾਣ ਵਾਲੇ ਦੇ ਹਮੇਸ਼ਾ ਲਈ ਤੁਰ ਜਾਣ ਉਪਰੰਤ ਮਿੱਤਰਾਂ ਦੋਸਤਾਂ ਅਤੇ ਸਕੇ ਸਬੰਧੀਆਂ ਨਾਲ ਦਰਦ ਘਟਾਓ, ਦਰਦ ਵੰਡਾਓ। ਭੋਗ ਸਮਾਗਮਾਂ ਵਿੱਚ ਵੱਡੇ ਅਡੰਬਰ, ਕੀਮਤੀ ਭੋਜਨ ਤੇ ਚਮਕ ਦਮਕ, ਗਰੀਬਾਂ ਦੇ ਭਵਿੱਖ ਵਿੱਚ ਕੰਡੇ ਬੀਜਣ ਸਮਾਨ ਹੈ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਜੋ ਉਮੀਦ ਕੀਤੀ ਜਾਂਦੀ ਸੀ ਪੰਜਾਬ ਵਿੱਚ ਉਹ ਹੋ ਕੇ ਰਿਹਾ



-ਹਰਚੰਦ ਸਿੰਘ ਬਾਸੀ-

ਦਿਲੀ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਤੋਂ ਪਿਛੋਂ ਦੇਸ ਅੰਦਰ ਇੱਕ ਰਾਜਨੀਤਿਕ ਪ੍ਰੀਵਰਤਨ ਸਰਗਰਮੀ ਦਾ ਮਹੌਲ ਬਣ ਗਿਆ ਦੇਸ ਦੇ ਲੋਕਾਂ ਵਿੱਚ ਇੱਕ ਨਵੀਂ ਸੋਚ ਦੀ ਬੁਨਿਆਦ ਰੱਖੀ ਗਈ। ਚਾਹੇ ਕੁੱਝ ਲੋਕਾਂ ਨੇ ਭਾਵਕ ਹੋ ਕੇ ਇਹ ਪੈਂਤੜਾ ਮੱਲਿਆ। ਪਰ ਇਸ ਵਿੱਚੋਂ ਲੋਕਾਂ ਦੇ ਦਿਲ ਵਿੱਚ ਮੌਜੂਦਾ ਸਰਕਾਰਾ ਦੇ ਖਿਲਾਫ ਵਿਆਪਕ ਰੋਸ ਝਲਕਦਾ ਸੀ। ਇੱਕ ਗੱਲ ਤਾਂ ਭਰੋਸੇ ਨਾਲ ਕਹੀ ਜਾ ਸਕਦੀ ਹੈ ਕਿ ਦੇਰ ਤੋਂ ਦੇਸ ਤੇ ਰਾਜ ਕਰਦੀਆਂ ਕੌਮੀ ਜਾਂ ਖੇਤਰੀ ਪਾਰਟੀਆਂ ਦੇਸ ਨੂੰ ਇੱਕ ਕੰਪਨੀ ਦੀ ਤਰਾਂ ਚਲਾ ਰਹੀਆਂ ਹਨ। ਹਰ ਥਾਂ ਉਤਰ ਕਾਟੋ ਮੈਂ ਚੜਾਂ ਵਾਲੀ ਖੇਡ ਖੇਡ ਰਹੀਆਂ ਹਨ। ਪੈਸੇ ਵਾਲੇ ਲੋਕਾਂ ਨੇ ਆਪਣੇ ਪੈਸੇ ਦੇ ਜ਼ੋਰ ਤੇ ਅਤੇ ਲੋਕਾਂ ਦੇ ਜਜ਼ਬਾਤ ਲੁੱਟ ਕੇ ਪਾਰਟਿਆਂ ਖੜੀਆਂ ਕੀਤੀਆਂ ਹਨ। ਕਦੀ ਇੱਕ ਧਿਰ ਜਿੱਤ ਜਾਂਦੀ ਹੈ ਕਦੀ ਦੂਜੀ ਧਿਰ ਜਿੱਤ ਜਾਂਦੀ ਹੈ।ਪਰ ਜਿੱਤ ਹਾਰ ਨਾਲ ਉਹਨਾਂ ਦੇ ਨਿੱਜੀ ਮੁਨਾਫੇ ਨੂੰ ਕੋਈ ਫਰਕ ਨਹੀਂ ਪੈਂਦਾ। ਟਰਾਂਸਪੋਰਟ, ਖਣਨ,ਪਾਵਰ ਪਲਾਂਟਾਂ, ਮਿਲਾਂ, ਏਜੰਸੀਆਂ ਆਦਿ ਭਾਵ ਕੌਮੀ ਸਰਮਾਏ ਤੇ ਉਹਨਾਂ ਰਾਜ ਕਰਦੀਆਂ ਸ਼ਕਤੀਆਂ ਨੂੰ ਥੋੜਾ ਬਹੁਤਾ ਫਰਕ ਪੈਂਦਾ ਹੈ। ਕਾਰੋਬਾਰ ਦੋਹਾਂ ਦੇ ਸਤਾ ਵਿੱਚ ਹੁੰਦਿਆਂ ਜਾਂ ਸਤਾ ਤੋਂ ਬਾਹਰ ਹੋਣ ਤੇ ਰਲ ਮਿਲ ਕੇ ਚੱਲਦਾ ਰਹਿੰਦਾ ਹੈ। ਪਿਛਲੇ ਕੁੱਝ ਸਮੇਂ ਤੋਂ ਉਮੀਦਵਾਰਾਂ ਨੂੰ ਚੋਣ ਫੰਡਾ ਵਿੱਚ ਅਥਾਹ ਖਰਚ ਕਰਕੇ ਵੀ ਲੋਕਾਂ ਵੱਲੋਂ ਦਿਤੇ ਫੰਡ ਵਿੱਚੋਂ ਪੈਸੇ ਵਧ ਜਾਂਦੇ ਹਨ। ਚੋਣਾਂ ਵਿੱਚ ਹਰ ਸਮੇਂ ਲੋਕ ਹਰਾ ਦਿੱਤੇ ਜਾਂਦੇ ਹਨ ਉਮੀਦਵਾਰ ਦੋਹਾਂ ਤਿੰਨਾਂ ਧਿਰਾਂ ਦੇ ਜਿੱਤ ਜਾਂਦੇ ਹਨ।

ਆਮ ਆਦਮੀ ਪਾਰਟੀ ਨੇ ਲੋਕ ਪਾਲ ਬਿਲ ਬਣਾਉਣ ਦੇ ਅੰਦੋਲਣ ਵਿੱਚੋਂ ਜਨਮ ਲਿਆ। ਦਿਲੀ ਵਿੱਚ ਪਹਿਲੀ ਵਾਰ 2013 ਦੀਆਂ ਅਸੈਂਬਲੀ ਚੋਣਾ ਲੜ ਕੇ ਅਠਾਈ ਉਮੀਦਵਾਰਾਂ ਦੀ ਜਿੱਤ ਹੋ ਗਈ। ਉਸ ਸਮੇਂ ਕੁੱਝ ਕਾਰਨਾ ਕਰਕੇ ਕਾਂਗਰਸ ਦੀ ਬਾਹਰੋਂ ਹਮਾਇਤ ਨਾਲ ਸਰਕਾਰ ਆਮ ਆਦਮੀ ਪਾਰਟੀ ਨੇ ਬਣਾਈ। ਪਰ ਫਿਰ ਕੁੱਝ ਮੁਦਿਆਂ ਤੇ ਸਰਕਾਰ ਟੁੱਟ ਗਈ ਅਤੇ ਦੁਬਾਰਾ ਚੋਣਾਂ 2015 ਵਿੱਚ ਹੋਈਆਂ। ਇਹਨਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਅਸੈਂਬਲੀ ਦੀਆਂ ਸੱਤਰ ਸੀਟਾਂ ਵਿੱਚੋਂ ਸਤਾਹਟ ਸੀਟਾਂ ਤੇ ਜਿੱਤ ਪਰਾਪਤ ਕਰ ਲਈ। ਪੰਜਾਬ ਵਿੱਚ 2014 ਦੀਆਂ ਲੋਕ ਸਭਾ ਦੀਆਂ ਆਮ ਚੋਣਾਂ ਵਿੱਚ ਚਾਰ ਸੀਟਾਂ ਜਿੱਤ ਲਈਆਂ। ਅੱਗੇ ਪੰਜਾਬ ਵਿੱਚ ਅਸੈਂਬਲੀ ਚੋਣਾਂ ਆਉਣ ਵਾਲੀਆਂ ਸਨ। ਆਮ ਅਦਮੀ ਪਾਰਟੀ ਨੇ ਪੰਜਾਬ ਦੀਆਂ ਸਾਰੀਆਂ 117 ਸੀਟਾਂ ਤੇ ਚੋਣ ਲੜਣ ਦਾ ਫੈਸਲਾ ਕਰ ਲਿਆ। ਪਾਰਟੀ ਦੀ ਚੜ੍ਹਤ ਵੇਖ ਕੇ ਬਹੁਤ ਸਾਰੇ ਲੋਕਾਂ ਨੇ ਪਾਰਟੀ ਦੀ ਹਮਾਇਤ ਕਰਨ ਦਾ ਮਨ ਬਣਾ ਲਿਆ। ਦੂਸਰੀਆਂ ਵੱਡੀਆਂ ਪਾਰਟੀਆਂ ਕਾਂਗਰਸ ਅਤੇ ਸ਼ਰੋਮਣੀ ਅਕਾਲੀ ਦਲ ਪਾਰਟੀ ਵਿੱਚ ਹਾਸ਼ੀਏ ਤੇ ਸਮਝਦੇ ਲੋਕਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਜ਼ਮੀਨ ਤਲਾਸ਼ਣੀ ਸ਼ੁਰੂ ਕੀਤੀ। ਅਪਣੀ ਸਤਾ ਪਾਉਣ ਦੀ ਖਾਹਸ਼ ਨਾਲ ਬਹੁਤ ਸਾਰੇ ਲੋਕ ਆਏ ਕੁੱਝ ਤਾਂ ਟਿਕਟਾਂ ਨਾ ਮਿਲਣ ਕਰਕੇ ਵਾਪਸ ਚਲੇ ਗਏ। ਕੁੱਝ ਖਾਹਸ਼ਮੰਦ ਜੋ ਸਿਰਫ ਲਾਲਚ ਨਾਲ ਆਏ ਸਨ ਟਿਕਟ ਲੈਣ ਵਿੱਚ ਕਾਮਯਾਬ ਹੋ ਗਏ। ਉਹਨਾਂ ਵਿੱਚੋਂ ਕੁੱਝ ਜਿੱਤ ਗਏ। ਇਸ ਤੋਂ ਪਿਛੋਂ ਉਹਨਾਂ ਆਮ ਆਦਮੀ ਪਾਰਟੀ ਨੂੰ ਹਾਈ ਜੈਕ ਕਰਨ ਦਾ ਟੀਚਾ ਮਿਥ ਲਿਆ। ਪਹਿਲਾਂ ਤਾਂ ਦਿਲੀ ਤੋਂ ਪੰਜਾਬ ਦੀਆਂ ਚੋਣਾ ਦੇ ਪ੍ਰਬੰਧ ਵਜੋਂ ਲਾਏ ਗਏ ਸੂਝਵਾਨ, ਈਮਾਨਦਾਰ, ਬੇਗਰਜ਼ ਲੋਕਾਂ ਖਿਲਾਫ ਮੋਰਚਾ ਖੋਲ ਕੇ ਤਰਾਂ ਤਰ੍ਹਾਂ ਦੇ ਇਲਜ਼ਾਮ ਲਾਕੇ ਬਦਨਾਮ ਕਰਨ ਦੀ ਸਾਜਸ਼ ਰਚੀ। ਆਮ ਲੋਕਾਂ ਦੇ



ਮਨਾਂ ਵਿੱਚ ਕੇਂਦਰੀ ਲੀਡਰਸ਼ਿਪ ਪ੍ਰਤੀ ਜ਼ਹਿਰ ਭਰ ਦਿਤਾ। ਉਹਨਾਂ ਨੂੰ ਪੰਜਾਬ ਵਿੱਚ ਰੱਜ ਕੇ ਬਦਨਾਮ ਕੀਤਾ। ਫਿਰ ਜਦ ਦਿਲੀ ਦੇ ਆਗੂਆਂ ਨੂੰ ਪ੍ਰਭਾਵਹੀਣ ਕਰ ਦਿੱਤਾ ਤਾਂ। ਪੰਜਾਬ ਦੀ ਪਾਰਟੀ ਦੇ ਉਚ ਅਹੁਦਿਆਂ ਤੇ ਕਬਜ਼ਾ ਕਰਨ ਦੀ ਮੁਹਿੰਮ ਚਲਾਈ। ਜਿਸ ਆਦਮੀ ਨੇ ਆਪਣੇ ਖੂਨ ਨਾਲ ਪਾਰਟੀ ਖੜ੍ਹੀ ਕੀਤੀ ਸੀ ਉਸ ਨੂੰ ਰਾਤ ਦਿਨ ਗਾਲ੍ਹਾਂ ਕਢਣੀਆਂ ਸ਼ੁਰੂ ਕੀਤੀਆਂ। ਸੁਖਪਾਲ ਸਿੰਘ ਖੈਹਰਾ ਸਾਹਿਬ ਅਤੇ ਕੰਵਰ ਸੰਧੂ ਜਿੰਨਾਂ ਦਾ ਪਿਛੋਕੜ ਕਾਂਗਰਸੀ ਰਿਹਾ ਹੈ ਪਾਰਟੀ ਦੀ ਹਰ ਗੱਲ ਤੇ ਪਾਰਟੀ ਦੇ ਸਪੋਕਸਮੈਨ ਤੋਂ ਪਹਿਲਾਂ ਹੀ ਬਿਆਨ ਦੇ ਕੇ ਕਈ ਵਾਰ ਪਾਰਟੀ ਨੂੰ ਕਸੂਤੀ ਸਥਿਤੀ ਵਿੱਚ ਫਸਾਇਆ। ਭਾਵ ਖੈਹਰਾ ਸਾਹਿਬ ਹੀ ਪਾਰਟੀ ਦੇ ਕਰਤਾ ਧਰਤਾ ਬਣ ਬੈਠੇ। ਇਹ ਆਗੂ ਕਿਸੇ ਦੀ ਕੀਲ ਵਿੱਚ ਨਹੀਂ ਆਉਂਦਾ।ਕੰਵਰ ਸੰਧੂ ਜਿੰਨਾਂ ਆਪਣੀ ਇੰਟਰਵਿਊ ਵਿੱਚ ਕਿਹਾ ਹੈ ਕਿ ਖੇਹਰਾ ਸਾਹਿਬ ਕਿਸੇ ਨਾਲ ਰਲ ਕੇ ਨਹੀਂ ਚੱਲ ਸਕਦੇ ਉਹੀ ਉਸ ਦੀ ਪਿੱਠ ਤੇ ਖੜ ਗਏ। ਇਸ ਤੋਂ ਜਾਪਦਾ ਹੈ ਇਹ ਦੋਨੋਂ ਕਿਸੇ ਸਾਜਸ਼ ਦੇ ਸਪੌਂਸਰ ਹਨ। ਸੁਖਪਾਲ ਖੈਹਰੇ ਨੂੰ ਜਦ ਐਲ ਓ ਪੀ ਦੇ ਅਹੁਦੇ ਤੋਂ ਹਟਾਇਆ ਹੈ ਉਸ ਦਿਨ ਤੋਂ ਉਸ ਨੇ ਹਥਿਆਰ ਚੱਕ ਲਏ ਇੱਕ ਦਮ ਬਠਿੰਡਾ ਕਾਨਫਰੰਸ ਕਰਕੇ ਆਪਣੀਆਂ ਸ਼ਰਤਾਂ ਰੱਖ ਦਿਤੀਆਂ ਪਾਰਟੀ ਮੇਰੀਆਂ ਆਹ ਸ਼ਰਤਾਂ ਮੰਨੇ ਤਾਂ ਹੀ ਮੇਰਾ ਸਮਝੌਤਾ ਹੈ। ਇਸ ਵਿੱਚੋਂ ਇਕ ਵੀ ਛੱਡਣ ਲਈ ਤਿਆਰ ਨਹੀਂ ਹਾਂ। ਕੀ ਸਮਝੌਤੇ ਇੰਝ ਹੁੰਦੇ ਹਨ। ਕੌਮੀ ਅਤੇ ਸੂਬਾਈ ਲੀਡਰਸ਼ਿਪ ਨੂੰ ਆਏ ਦਿਨ ਪਾਣੀ ਪੀ ਪੀ ਕੇ ਕੋਸਿਆ।ਭਾਸ਼ਾ ਵੀ ਧਮਕੀਆਂ ਵਰਗੀ ਰਹੀ। ਕਈ ਵਾਰ ਤਾਂ ਸਿਆਣਾ ਆਦਮੀ ਭਾਸ਼ਾ ਸੁਣ ਕੇ ਮੂੰਹ ਵਿੱਚ ਉਂਗਲਾਂ ਲੈਂਦਾ ਹੈ।ਇਧਰ ਉਧਰ ਦੀ ਪੈਂਤੜੇਬਾਜ਼ੀ ਲੈਂਦਿਆਂ ਆਖਰ ਪਾਰਟੀ ਨੂੰ ਦੋਫਾੜ ਕਰ ਦਿੱਤਾ। ਪਾਰਟੀ ਦੀ ਮੁਢਲੀ ਮੈਨਬਰਸ਼ਿਪ ਤੋਂ ਅਸਤੀਫਾ ਦਿੱਤਾ ਹੈ ਐੱਮ ਐਲ ਏ ਦੇ ਪਦ ਤੋਂ ਨਹੀਂ ਕਿਹੋ ਜਿਹੀ ਸ਼ਾਤਰ ਚਾਲ ਖੇਡਦਾ ਹੈ। ਨਾ ਹੀ ਆਪਣੇ ਸਾਥੀਆਂ ਤੋਂ ਅਸਤੀਫੇ ਦੁਆਉਂਦਾ ਹੈ ਪਾਰਟੀ ਪਲੈਟਫਾਰਮ ਤੋਂ ਜਿੱਤ ਕੇ ਪੈਨਸ਼ਨਾਂ ਖੁਸਣ ਦਾ ਵੀ ਡਰ ਹੈ। ਲੋਕਾਂ ਨੂੰ ਭੰਬਲਭੂਸੇ ਵਿੱਚ ਰੱਖਣ ਵਿੱਚ ਮਾਹਰ ਬੰਦਾ ਹਰ ਥਾਂ ਠਿਬੀ ਲਾਉਣ ਨੂੰ ਤਿਆਰ ਰਹਿੰਦਾ ਹੈ। ਉਸ ਦੇ ਹਮਾਇਤੀ ਐੱਮ ਐ਼ ਏ ਕਹਿੰਦੇ ਹਨ ਜੇ ਅਸਤੀਫਾ ਦੇ ਦਿੱਤਾ ਤਾਂ ਆਕਾਲੀ ਵਿਰੋਧੀ ਪਾਰਟੀ ਦੇ ਨੇਤਾ ਬਣ ਜਾਣਗੇ। ਭਲੇ ਮਾਨਸੋ ਪਾਰਟੀ ਦੀ ਬੇੜੀ ਵਿੱਚ ਵੱਟੇ ਪਾ ਕੇ ਤੁਸੀਂ ਕਿਸ ਤਰਾਂ ਲੋਕਾਂ ਦਾ ਭਲਾ ਕਰ ਰਹੇ ਹੋ। ਅਕਾਲੀਆਂ ਕਾਂਗਰਸੀਆਂ ਲਈ ਹੀ ਤਾਂ ਮੈਦਾਨ ਤਿਆਰ ਕਰ ਰਹੇ ਹੋ। ਖੈਹਰਾ ਧੜੇ ਦੇ ਐਮ ਐਲ ਏ ਇੱਕ ਇੰਟਰਵਿਊ ਵਿੱਚ ਕਹਿੰਦੇ ਸੁਣੇ ਕਿ ਜੋ ਸਾਨੂੰ ਲੋਕ ਕਹਿਣਗੇ ਉਵੇਂ ਕਰਾਂਗੇ ਅਸਤੀਫੇ ਨਹੀਂ ਦੇਣੇ। ਜਿਹੜੀ ਗੱਲ ਫਿਟ ਬੈਠਦੀ ਹੈ ਉਹ ਲੋਕਾਂ ਸਿਰ ਮੜ ਦਿਤੀ ਜਾਂਦੀ ਹੈ ਤੁਸੀਂ ਕਿਹੜਾ ਰੀਫਰੈਂਡਮ ਕਰਾਇਆ ਹੈ। ਤੁਹਾਡਾ ਤਾਂ ਇਹ ਹਾਲ ਹੈ ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜਿਉਣ। ਦੁਖਾਂਤ ਇਹੀ ਹੈ ਜਨਤਾ ਗਾਇਬ ਹੈ ਆਗੂਆਂ ਦੀ ਖੇਡ ਹੈ। ਲੋਕ ਮੋਹਰੇ ਹਨ ਜਦ ਮਰਜ਼ੀ ਵਰਤ ਲਵੋ। ਲਛਮਣ ਸਿੰਘ ਗਿੱਲ ਵੇਲੇ ਇਕ ਗੱਲ ਚੱਲੀ ਸੀ ਜਾਂ ਗਿੱਲ ਨਹੀਂ ਤਾਂ ਨਿਲ ਉਹੀ ਗੱਲ ਹੁਣ ਹੈ ਜਾਂ ਤਾਂ ਖੈਹਰਾ ਨਹੀਂ ਤਾਂ ਆਮ ਆਦਮੀ ਪਾਰਟੀ ਦਿਨ ਸੁਨਹਿਰਾ ਨਹੀਂ। ਰਾਜਨੀਤੀ ਨੂੰ ਸਮਝਣ ਵਾਲੇ ਕੁੱਝ ਸਿਆਣੇ ਲੋਕ ਇਹਨਾਂ ਦੇ ਪਾਰਟੀ ਵਿੱਚ ਆਉਣ ਤੋਂ ਅੰਦਾਜ਼ੇ ਲਾਉਂਦੇ ਸਨ ਕਿ ਬੇੜੇ ਦੀ ਖੈਰ ਨਹੀਂ ਮੋਰੀਆਂ ਕਰਨ ਵਾਲੇ ਬਹੁਤ ਸਾਰੇ ਬੇੜੀ ਵਿੱਚ ਸਵਾਰ ਹੋ ਗਏ ਹਨ।ਉਹਨਾਂ ਦੀਆਂ ਭਵਿਖ ਬਾਣੀਆਂ ਨੂੰ ਖੈਹਰਾ ਸਾਹਿਬ ਅਤੇ ਧੜੇ ਨੇ ਸੱਚ ਕਰ ਵਿਖਾਇਆ ਹੈ। ਅੱਗੇ ਵੇਖੋ ਕੀ ਗੁਲ ਖਿੜਾਉਣਗੇ। ਇਸ ਕੁੱਕੜ ਖੋਹੀ ਵਿੱਚ ਪੰਜਾਬ ਦੇ ਲੋਕਾਂ ਦੀ ਗੱਲ ਕਰਨ ਵਾਲੇ ਪੰਜਾਬ ਦੇ ਲੋਕਾਂ ਨੂੰ ਹਨੇਰੇ ਵਿੱਚ ਭਟਕਾ ਕੇ ਹੋਰ ਦਸ ਵੀਹ ਸਾਲ ਰਵਾਇਤੀ ਪਾਰਟੀਆਂ ਦਾ ਰਾਜ ਪੱਕਾ ਜਰੂਰ ਕਰ ਦੇਣਗੇ ਅਤੇ ਹਮਾਇਤੀਆਂ ਐਨ ਆਰ ਆਈ ਅਤੇ ਹੋਰ ਲੋਕਾਂ ਵੱਲੋਂ ਦਿਤੇ ਫੰਡ ਤੇ ਆਪਣੀ ਹਉਮੇ ਨੂੰ ਪੱਠੇ ਪਾਈ ਰਖਣਗੇ। ਇਹਨਾਂ ਦਾ ਇਕੋ ਇੱਕ ਮਕਸਦ ਕਾਂਗਰਸ ਅਕਾਲੀਆਂ ਨਾਲ ਲੜਣਾ ਨਹੀਂ ਸਗੋਂ ਆਮ ਆਦਮੀ ਪਾਰਟੀ ਨੂੰ ਹਰਾਉਣਾ ਹੀ ਅਹਿਮ ਟੀਚਾ ਹੋਏਗਾ।

ਕੇਜਰੀਵਾਲ ਅਤੇ ਉਸ ਦੀ ਟੀਮ ਨੇ ਦਿਲੀ ਵਿੱਚ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਸੌ ਔਕੜਾ ਹੋਣ ਦੇ ਬਾਵਜੂਦ ਵੀ ਹੱਲ ਕਰਕੇ ਵਿਖਾਇਆ ਹੈ। ਦੇਸ ਬਿਦੇਸ਼ ਤੱਕ ਉਸ ਦੇ ਕੀਤੇ ਹਸਪਤਾਲਾਂ ਅਤੇ ਸਿਖਿਆ ਪ੍ਰਬੰਧ ਦੀ ਭਰਪੂਰ ਪ੍ਰਸੰਸਾ ਹੋ ਰਹੀ ਹੈ। ਤਿੰਨ ਸਾਲਾ ਵਿੱਚ ਉਹਨਾਂ ਸਾਰਥਿਕ ਸਿੱਟੇ ਕੱਢੇ ਹਨ। ਉਸ ਨੂੰ ਤਾਨਾਸ਼ਾਹ ਦੱਸਣ ਵਾਲੇ ਲੱਤਾਂ ਖਿਚਣ ਤੋਂ ਸਿਵਾਏ ਲੋਕਾਂ ਲਈ ਕੀ ਕਰ ਵਿਖਾਉਣਗੇ ਸਮਝ ਨਹੀਂ ਆਮ ਆਦਮੀ ਨੂੰ ਬਹਿਕਾਵੇ ਵਿੱਚ ਆ ਕੇ ਫੈਸਲੇ ਨਹੀਂ ਸਗੋਂ ਸੋਚ ਸਮਝ ਕੇ ਕਰਨੇ ਹੋਣਗੇ।

# ਉੱਚ ਜਾਤਾਂ ਦੇ ਗਰੀਬਾਂ ਲਈ ਰਾਖਵਾਂਕਰਨ ਸਰਜੀਕਲ ਸਟਰਾਈਕ ਨਹੀਂ, ਖਾਲੀ ਕਾਰਤੂਸ

-ਯੋਗੇਂਦਰ ਯਾਦਵ

ਇੱਕ ਬੇਰੋਜ਼ਗਾਰ ਨੌਜਵਾਨ ਅਖਬਾਰ ਦੀਆਂ ਸੁਰਖੀਆਂ ਪੜ੍ਹ ਕੇ ਪ੍ਰਤੀਕਿਰਿਆ ਦੇ ਰਿਹਾ ਸੀ ਕਿ ''ਦੇਰ ਨਾਲ ਸਹੀ, ਜਾਂਦੇ ਜਾਂਦੇ ਮੋਦੀ ਜੀ ਇੱਕ ਸਰਜੀਕਲ ਸਰਟਾਈਕ ਕਰ ਗਏ।'' ਮੁੱਖ ਸਫੇ 'ਤੇ ਉਚ ਜਾਤਾਂ ਦੇ ਗਰੀਬਾਂ ਲਈ 10 ਫੀਸਦੀ ਰਾਖਵੇਂਕਰਨ ਦੇ ਐਲਾਨ ਦੀ ਖਬਰ ਸੀ ਤੇ ਇਸ ਨੂੰ ਚੋਣਾਂ ਤੋਂ ਪਹਿਲਾਂ ਇੱਕ 'ਸਰਜੀਕਲ ਸਟਰਾਈਕ' ਦੱਸਿਆ ਗਿਆ ਸੀ। ਮੇਰੇ ਤੋਂ ਰਿਹਾ ਨਹੀਂ ਗਿਆ/ ਮੈਂ ਕਿਹਾ, ''ਭਾਈ, ਇਹ ਸਰਜੀਕਲ ਸਟਰਾਈਕ ਨਹੀਂ, ਇਹ ਖਾਲੀ ਕਾਰਤੂਸ ਚਲਾਇਆ ਹੈ। ਸਿਰਫ ਦੇਰ ਨਾਲ ਨਹੀਂ, ਗਲਤ ਨਿਸ਼ਾਨੇ 'ਤੇ ਚਲਾਇਆ ਹੈ। ਸਭ ਨੂੰ ਪਤਾ ਹੈ ਕਿ ਇਹ ਲਾਗੂ ਨਹੀਂ ਹੋ ਸਕਦਾ ਤੇ ਜੇ ਲਾਗੂ ਹੋ ਵੀ ਗਿਆ ਤਾਂ ਉਚ ਜਾਤਾਂ ਦੇ ਇੱਕ ਵੀ ਗਰੀਬ ਵਰਗ ਨੂੰ ਇਸ ਨਾਲ ਨੌਕਰੀ ਮਿਲਣ ਵਾਲੀ ਨਹੀਂ ਹੈ।''

ਮੇਰੀ ਗੱਲ ਸੁਣ ਕੇ ਉਹ ਹੈਰਾਨ ਹੋ ਗਿਆ ਤੇ ਬੋਲਿਆ, ''ਬਾਕੀ ਗੱਲਾਂ ਬਾਅਦ 'ਚ, ਪਹਿਲਾਂ ਇਹ ਦੱਸੋ ਕਿ ਕਿ ਇਸ ਦੇਸ਼ 'ਚ ਉੱਚ ਜਾਤਾਂ ਦੇ ਲੋਕ ਵੀ ਗਰੀਬ ਹਨ ਜਾਂ ਨਹੀਂ? ਜਾਂ ਸਿਖਿਆ ਅਤੇ ਨੌਕਰੀ ਦੇ ਸਾਰੇ ਮੌਕੇ ਸਿਰਫ ਐੱਸ ਸੀ/ਐੱਸ ਟੀ ਅਤੇ ਓ ਬੀ ਸੀ ਲਈ ਹੀ ਹੋਣਗੇ?'' ਅੱਗੇ ਮੇਰੀ ਵਾਰੀ ਸੀ। ਮੈਂ ਕਿਹਾ, ''ਇਸ 'ਚ ਕੋਈ ਸ਼ੱਕ ਨਹੀਂ ਕਿ ਦੇਸ਼ ਦੀਆਂ ਜ਼ਿਆਦਾਤਰ ਉੱਚ ਜਾਤਾਂ ਦੇ ਬਹੁਤੇ ਪਰਵਾਰ ਤੰਗੀ 'ਚ ਗੁਜ਼ਾਰਾ ਕਰਦੇ ਹਨ। ਦਿੱਲੀ ਵਿੱਚ ਰਿਕਸ਼ਾ ਚਲਾਉਣ ਜਾਂ ਮਜ਼ਦੂਰੀ ਦਾ ਕੰਮ ਕਰਨ ਵਾਲੇ ਜੋ ਲੋਕ ਬਿਹਾਰ ਤੋਂ ਆਉਂਦੇ ਹਨ, ਉਨ੍ਹਾਂ 'ਚੋਂ ਬਹੁਤੇ ਉੱਚ ਜਾਤਾਂ ਦੇ ਹੁੰਦੇ ਹਨ, ਜਿਹੜੇ ਆਪਣੇ ਪਿੰਡ 'ਚ 'ਛੋਟਾ ਕੰਮ' ਨਹੀਂ ਕਰ ਸਕਦੇ ਪੂਰੇ ਦੇਸ਼ 'ਚ ਰੋਜ਼ਗਾਰ ਦਾ ਸੰਕਟ ਹੈ, ਉੱਚ ਜਾਤਾਂ ਦੇ ਸਮਾਜ ਲਈ ਵੀ ਇਹ ਸੰਕਟ ਹੈ। ਇਸ ਵਾਸਤੇ ਰਾਖਵਾਂਕਰਨ ਚਾਹੀਦਾ ਹੈ ਜਾਂ ਨਹੀਂ, ਇਸ ਦੀ ਚਰਚਾ ਬਾਅਦ 'ਚ ਕਰ ਲਵਾਂਗੇ, ਪਰ ਉਨ੍ਹਾਂ ਨੂੰ ਕੰਮ ਚਾਹੀਦਾ ਹੈ, ਰੋਜ਼ਗਾਰ ਚਾਹੀਦਾ ਹੈ ਤੇ ਹੁਣੇ ਚਾਹੀਦਾ ਹੈ। ਜੇ ਕੋਈ ਸਰਕਾਰ ਉਨ੍ਹਾਂ ਲਈ ਕੁਝ ਵੀ ਕਰੇ ਤਾਂ ਉਸ ਦਾ ਸਵਾਗਤ ਹੋਣਾ ਚਾਹੀਦਾ ਹੈ।'' ਉਸ ਨੇ ਜਿਵੇਂ ਹੌਸਲਾ ਦਿੱਤਾ, ''ਤੁਹਾਨੂੰ ਸਰਕਾਰ ਦੇ ਐਲਾਨ ਦਾ ਸਵਾਗਤ ਕਰਨਾ ਚਾਹੀਦਾ ਹੈ। ਦੇਸ਼ ਵਿੱਚ ਪਹਿਲੀ ਵਾਰ ਕਿਸੇ ਨੂੰ ਉਚ ਜਾਤਾਂ ਦੇ ਗਰੀਬਾਂ ਦੀ ਯਾਦ ਤਾਂ ਆਈ।''

ਮੈਂ ਉਸ ਨੂੰ ਯਾਦ ਦਿਵਾਇਆ ਕਿ ਇਹ ਐਲਾਨ ਸਿਰਫ ਉਚ ਜਾਤਾਂ ਦੇ ਸਮਾਜ ਲਈ ਨਹੀਂ, ਮੁਸਲਮਾਨ, ਈਸਾਈ ਤੇ ਸਿੱਖ ਜੋ ਵੀ ਰਾਖਵੇਂਕਰਨ ਦੇ ਤਹਿਤ ਨਹੀਂ ਆਉਂਦੇ, ਉਨ੍ਹਾਂ ਸਾਰੇ ਜਨਰਲ ਵਰਗਾਂ ਦੇ ਗਰੀਬ ਇਸ ਦੇ ਦਾਇਰੇ ਵਿੱਚ ਆਉਣਗੇ। ਇਹ ਪਹਿਲਾ ਵਾਰ ਨਹੀਂ ਹੋਇਆ ਹੈ, ਅੱਜ ਤੋਂ 27 ਸਾਲ ਪਹਿਲਾਂ ਸਤੰਬਰ 1991 ਵਿੱਚ ਨਰਸਿਮਹਾ ਰਾਓ ਦੀ ਕਾਂਗਰਸ ਸਰਕਾਰ ਨੇ ਵੀ ਆਰਥਿਕ ਤੌਰ 'ਤੇ ਪੱਛੜੇ ਜਨਰਲ ਵਰਗ ਲਈ 10 ਫੀਸਦੀ ਰਾਖਵੇਂਕਰਨ ਦਾ ਹੁਕਮ ਜਾਰੀ ਕੀਤਾ ਸੀ। ਉਸ ਹੁਕਮ ਦਾ ਉਹੀ ਹੋਇਆ, ਜੋ ਇਸ ਹੁਕਮ ਦਾ ਹੋਵੇਗਾ। ਉਸ ਸਰਕਾਰੀ ਹੁਕਮ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ। ਸੰਨ 1992 ਦੇ ਆਪਣੇ ਇਤਿਹਾਸਕ ਫੈਸਲੇ 'ਚ ਸੁਪਰੀਮ ਕੋਰਟ ਦੇ ਨੌਂ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਜਨਰਲ ਵਰਗ ਦੇ ਗਰੀਬਾਂ ਲਈ ਕੀਤੇ ਗਏ ਇਸ ਰਾਖਵੇਂਕਰਨ ਨੂੰ ਦੋ ਆਧਾਰਾਂ 'ਤੇ ਨਾਜਾਇਜ਼ ਤੇ ਗੈਰ-ਸੰਵਿਧਾਨਕ ਕਰਾਰ ਦੇ ਦਿੱਤਾ। ਪਹਿਲਾ ਤਾਂ ਇਸ ਲਈ ਕਿ ਸਾਡੇ ਸੰਵਿਧਾਨ 'ਚ ਸਮਾਜਕ ਤੇ ਵਿ-ਦਅਕ ਤੌਰ 'ਤੇ ਪੱਛੜੇ ਵਰਗਾਂ ਲਈ ਰਾਖਵੇਂਕਰਨ ਦੀ ਵਿਵਸਥਾ ਹੈ, ਸਿਰਫ ਆਰਥਿਕ ਆਧਾਰ 'ਤੇ ਰਾਖਵਾਂਕਰਨ ਦੇਣਾ ਸਾਡੇ ਸੰਵਿਧਾਨ ਦੀਆਂ ਵਿਵਸਥਾਵਾਂ ਤੇ ਰਾਖਵੇਂਕਰਨ ਦੀ ਭਾਵਨਾ ਦੇ ਵਿਰੁੱਧ ਹੈ। ਦੂਜਾ ਇਸ ਆਧਾਰ 'ਤੇ ਆਰਥਿਕ ਆਧਾਰ 'ਤੇ 10 ਫੀਸਦੀ ਰਾਖਵਾਂਕਰਨ ਦੇਣ ਨਾਲ ਕੁੱਲ ਰਾਖਵਾਂਕਰਨ 59 ਫੀਸਦੀ ਹੋਵੇਗਾ, ਜੋ ਕਿ ਸੁਪਰੀਮ ਕੋਰਟ ਵੱਲੋਂ ਤੈਅ ਕੀਤੀ ਗਈ 50 ਫੀਸਦੀ ਦੀ ਹੱਦ ਨਾਲੋਂ ਜ਼ਿਆਦਾ ਹੈ। ਜੋ ਇਤਰਾਜ਼ ਉਦੋਂ ਸੀ, ਉਹ ਇਤਰਾਜ਼ ਅੱਜ ਵੀ ਮੰਨ-ਨਆ ਜਾਵੇਗਾ।

ਉਸ ਨੇ ਕਾਫੀ ਉਮੀਦ ਨਾਲ ਕਿਹਾ ਕਿ ''ਇਸ ਵਾਰ ਤਾਂ ਸਰਕਾਰ ਸੰਵਿਧਾਨ 'ਚ ਸੋਧ ਕਰਨ ਜਾ ਰਹੀ ਹੈ, ਫਿਰ ਤਾਂ ਸੁਪਰੀਮ ਕੋਰਟ ਨੂੰ ਮੰਨਣਾ ਹੀ ਪਵੇਗਾ।'' ਮੈਂ ਉਸ ਨੂੰ ਸਮਝਾਇਆ ਕਿ ਸੰਵਿਧਾਨਕ ਸੋਧ ਗੁੰਝਲਦਾਰ ਹੈ ਤੇ ਲੰਮਾਂ ਮਾਮਲਾ ਹੈ। ਇਸ ਦੇ ਲਈ ਪਹਿਲਾਂ ਲੋਕ ਸਭਾ ਤੇ ਰਾਜ ਸਭਾ ਵਿੱਚ ਦੋ-ਤਿਹਾਈ ਬਹੁਮਤ ਚਾਹੀਦਾ ਹੈ, ਫਿਰ ਸੂਬਿਆਂ ਵਿੱਚ ਵਿਧਾਨ ਸਭਾਵਾਂ ਤੋਂ ਇਸ ਨੂੰ ਪਾਸ ਕਰਵਾਉਣਾ ਪਵੇਗਾ। ਜੇ ਸੋਧ ਹੋ ਵੀ ਗਈ ਤਾਂ ਵੀ ਸੁਪਰੀਮ ਕੋਰਟ ਉਸ ਨੂੰ ਖਾਰਜ ਕਰ ਸਕਦੀ ਹੈ, ਸ਼ਾਇਦ ਕਰੇਗੀ ਵੀ। ਅਸਲੀ ਦਿੱਕਤ ਇਹ ਨਹੀਂ ਹੈ। ਮੰਨ ਲਓ, ਕਿ ਸੋਧ ਹੋ ਜਾਵੇ, ਸੁਪਰੀਮ ਕੋਰਟ ਪ੍ਰਵਾਨ ਵੀ ਕਰ ਲਵੇ, ਫਿਰ ਵੀ ਇਸ ਰਾਖਵੇਂਕਰਨ ਨਾਲ ਜਨਰਲ ਵਰਗ ਦੇ ਸੱਚਮੁੱਚ ਗਰੀਬਾਂ ਨੂੰ ਕੋਈ ਫਾਇਦਾ ਨਹੀਂ ਮਿਲੇਗਾ। ਸਰਕਾਰ ਨੇ ਇਸ ਰਾਖਵੇਂਕਰਨ ਲਈ ਗਰੀਬ ਦੀ ਅਜੀਬ ਜਿਹੀ ਪਰਿਭਾਸ਼ਾ ਬਣਾਈ ਹੈ, ਭਾਵ ਜੇ ਇਨਕਮ ਟੈਕਸ 'ਚ ਅੱਠ ਲੱਖ ਦੀ ਸਾਲਾਨਾ ਆਮਦਨ ਦਿਖਾਵੇ ਜਾਂ ਜਿਸ ਕੋਲ ਪੰਜ ਏਕੜ ਤੱਕ ਜ਼ਮੀਨ ਹੋਵੇ ਜਾਂ ਵੱਡਾ ਮਕਾਨ ਨਾ ਹੋਵੇ, ਉਨ੍ਹਾਂ ਸਾਰਿਆਂ ਨੂੰ 'ਗਰੀਬ' ਮੰਨਿਆ ਜਾਵੇਗਾ। ਮਤਲਬ ਇਹ ਕਿ ਹਰ ਮਹੀਨੇ ਇੱਕ ਲੱਖ ਰੁਪਏ ਤੋਂ ਜ਼ਿਆਦਾ ਤਨਖਾਹ ਲੈਣ ਵਾਲੇ ਜਾਂ ਬਹੁਤ ਵੱਡੇ ਕਿਸਾਨਾਂ ਤੇ ਵਪਾਰੀਆਂ ਨੂੰ ਛੱਡ ਕੇ ਜਨਰਲ ਵਰਗ ਦੇ ਲਗਭਗ ਸਾਰੇ ਲੋਕ ਇਸ ਰਾਖਵੇਂਕਰਨ ਦੇ ਹੱਕਦਾਰ ਹੋਣਗੇ। ਮਜ਼ਦੂਰ ਜਾਂ ਰਿਕਸ਼ੇ ਵਾਲੇਦੇ ਬੇਟੇ ਨੂੰ ਵੀ ਵਕੀਲ ਤੇ ਅਧਿਆਪਕ ਦੇ ਬੱਚੇ ਨਾਲ ਇਸ 10 ਫੀਸਦੀ ਰਾਖਵੇਂਕਰਨ ਲਈ ਮੁਕਾਬਲਾ ਕਰਨਾ ਪਵੇਗਾ। ਉਂਝ ਵੀ ਜੇ ਇਹ ਗਰੀਬ ਹਨ ਤਾਂ ਜਨਰਲ ਵਰਗ ਲਈ ਜੋ 51 ਫੀਸਦੀ ਸੀਟਾਂ ਖੁੱਲ੍ਹੀਆਂ ਹਨ, ਉਨ੍ਹਾਂ 'ਚੋਂ ਇੱਕ ਵੱਡਾ ਹਿਸਾ ਇਸ 'ਗਰੀਬ ਜਨਰਲ ਵਰਗ' ਨੂੰ ਮਿਲਦਾ ਹੋਵੇਗਾ। ਜਿਸ ਨੂੰ ਬਿਨਾਂ ਰਾਖਵੇਂਕਰਨ ਦੇ ਅੱਜ ਵੀ 20-30 ਫੀਸਦੀ ਨੌਕਰੀਆਂ ਮਿਲ ਰਹੀਆਂ ਹਨ, ਉਸ ਨੂੰ 10 ਫੀਸਦੀ ਰਾਖਵਾਂਕਰਨ ਦੇਣ ਨਾਲ ਕੀ ਮਿਲੇਗਾ? ਕਾਗਜ਼ਾਂ 'ਚ ਰਾਖਵਾਂਕਰਨ ਹੋਵੇਗਾ, ਪਰ ਇਹ ਪਹਿਲਾਂ ਤੋਂ ਭਰ ਜਾਵੇਗਾ ਤੇ ਇੱਕ ਵੀ ਵਿਅਕਤੀ ਨੂੰ ਨੌਕਰੀ ਦੇਣ ਦੀ ਲੋੜ ਨਹੀਂ ਪਵੇਗੀ।

ਹੁਣ ਉਸ ਦੇ ਚਿਹਰੇ 'ਤੇ ਨਿਰਾਸ਼ਾ ਸੀ। ਉਸ ਨੇ ਪੁੱਛਿਆ, ''ਇਹ ਸਭ ਤਾਂ ਸਰਕਾਰ ਨੂੰ ਵੀ ਪਤਾ ਹੋਵੇਗਾ, ਫਿਰ ਸਰਕਾਰ ਇਸ ਦਾ ਐਲਾਨ ਕਿਉਂ ਕਰ ਰਹੀ ਹੈ?'' ਜਵਾਬ ਉਸ ਨੂੰ ਵੀ ਪਤਾ ਸੀ ਤੇ ਮੈਨੂੰ ਵੀ। ਮੋਦੀ ਸਰਕਾਰ ਅੱਜ ਉਹੀ ਗੇਮ ਖੇਡ ਰਹੀ ਹੈ, ਜੋ ਪੰਜ ਸਾਲ ਪਹਿਲਾਂ ਮਨਮੋਹਨ ਸਿੰਘ ਸਰਕਾਰ ਨੇ ਜਾਟ ਰਾਖਵੇਂਕਰਨ ਨੂੰ ਲੈ ਕੇ ਖੇਡੀ ਸੀ। ਉਸ ਨੂੰ ਪਤਾ ਸੀ ਕਿ ਕਾਨੂੰਨੀ ਢੰਗ ਨਾਲ ਜਾਟਾਂ ਨੂੰ ਰਾਖਵਾਂਕਰਨ ਦੇਣਾ ਸੰਭਵ ਨਹੀਂ, ਫਿਰ ਵੀ ਉਸ ਨੇ ਚੋਣਾਂ ਤੋਂ ਕੁਝ ਦਿਨ ਪਹਿਲਾਂ ਰਾਖਵੇਂਕਰਨ ਦਾ ਐਲਾਨ ਕਰ ਦਿੱਤਾ ਸੀ ਤੇ ਭਾਜਦਪਾ ਨੇ ਵੀ ਸਮਰਥਨ ਕੀਤਾ ਸੀ। ਦੋਵਾਂ ਨੂੰ ਇਹ ਵੀ ਪਤਾ ਸੀ ਕਿ ਸੁਪਰੀਮ ਕੋਰਟ ਤਾਂ ਇਸ ਨੂੰ ਰੱਦ ਕਰੇਗੀ, ਪਰ ਉਹ ਤਾਂ ਚੋਣਾਂ ਤੋਂ ਬਾਅਦ ਦਾ ਮਾਮਲਾ ਸੀ। ਹੋਇਆ ਵੀ ਉਹੀ। ਸੁਪਰੀਮ ਕੋਰਟ ਨੇ ਚੋਣਾਂ ਤੋਂ ਬਾਅਦ ਜਾਟ ਰਾਖਵੇਂਕਰਨ ਨੂੰ ਖਾਰਜ ਕਰ ਦਿੱਤਾ ਤਕੇ ਲੋਕਾਂ ਨੇ ਕਾਂਗਰਸ ਨੂੰ ਵੀ ਨਕਾਰ ਦਿੱਤਾ।

ਇਸ ਵਾਰ ਫਿਰ ਉਹੀ ਖੇਡ ਖੇਡੀ ਜਾ ਰਹੀ ਹੈ। ਭਾਜਪਾ ਨੂੰ ਚੋਣਾਂ 'ਚ ਹਾਰ ਨਜ਼ਰ ਆ ਰਹੀ ਹੈ। ਉਹ ਹੁਣ ਜਾਣਬੁੱਝ ਕੇ ਅਜਿਹੀਆਂ ਤਜਵੀਜ਼ਾਂ ਲਿਆ ਰਹੀ ਹੈ, ਜਿਸ ਨਾਲ ਕਿਸੇ ਨੂੰ ਕੁਝ ਨਹੀਂ ਮਿਲਣਾ, ਬੱਸ ਚੋਣਾਂ ਦੇ ਸਮੇਂ ਧਿਆਨ ਜ਼ਰੂਰ ਵੰਡਿਆ ਜਾਵੇਗਾ। ਕਾਂਗਰਸ ਵੀ ਗੇਮ ਖੇਡ ਰੀਹ ਹੈ ਕਿ ਉਹ ਵਿਰੋਧ ਕਰ ਕੇ ਬੁਰੀ ਕਿਵੇਂ ਬਣੇ। ਇਸੇ ਲਈ ਉਹ ਸਮਰਥਨ ਕਰ ਰਹੀ ਹੈ। ਉਸ ਨੇ ਕਿਹਾ, ''ਮਤਲਬ ਸਰਕਾਰ ਸਾਨੂੰ ਸਿਰਫ ਲਾਲੀਪਾਪ ਦੇ ਰਹੀ ਹੈ?'' ਮੈਂ ਕਿਹਾ, ''ਨਹੀਂ, ਸਰਕਾਰ ਲਾਲੀਪਾਪ ਵੀ ਨਹੀਂ ਦੇ ਰਹੀ ਹੈ। ਉਹ ਸਾਡੀ ਜੇਬ 'ਚ ਪਏ ਦੋ ਲਾਲੀਪਾਪ 'ਚੋਂ ਇੱਕ ਕੱਢ ਕੇ ਸਾਨੂੰ ਫੜਾ ਰਹੀ ਹੈ ਤੇ ਕਹਿ ਰਹੀ ਹੈ-ਤਾੜੀ ਵਜਾਓ।'' ਉਹ ਫਿਰ ਬੋਲਿਆ, ''ਫਿਰ ਕਰਨਾ ਕੀ ਚਾਹੀਦਾ ਹੈ?''

ਉਸ ਦੀ ਨਿਰਾਸ਼ਾ ਖਿਝ 'ਚ ਬਦਲ ਰਹੀ ਸੀ। ਮੈਂ ਗੱਲ ਸਮੇਟੀ ਅਤੇ ਕਿਹਾ, ''ਸਮੱਸਿਆ ਰਾਖਵੇਂਕਰਨ ਦੀ ਨਹੀਂ, ਰੋਜ਼ਗਾਰ ਦੀ ਹੈ। ਜੇ ਨੌਕਰੀ ਹੀ ਨਹੀਂ ਹੋਵੇਗੀ ਤਾਂ ਰਾਖਵਾਂਕਰਨ ਦੇਣ ਜਾਂ ਨਾ ਦੇਣ ਨਾਲ ਕੀ ਫਰਕ ਪੈਂਦਾ ਹੈ। ਅਸਲੀ ਹੱਲ ਹੈ ਰੋਜ਼ਗਾਰ ਦੇ ਮੌਕੇ ਵਧਾਉਣਾ। ਅੱਜ ਕੇਂਦਰ ਸਰਕਾਰ ਕੋਲ ਚਾਰ ਲੱਖ ਤੋਂ ਵੱਧ ਅਹੁਦੇ ਖਾਲੀ ਪਏ ਹਨ ਤੇ ਸੂਬਾ ਸਰਕਾਰਾਂ ਕੋਲ 20 ਲੱਖ ਰੁਪਏ ਖਾਲੀ ਪਏ ਹਨ। ਸਰਕਾਰ ਪੈਸਾ ਬਚਾਉਣ ਦੇ ਚੱਕਰ ਵਿੱਚ ਇਨ੍ਹਾਂ ਅਹੁਦਿਆਂ 'ਤੇ ਨਿਯੁਕਤੀਆਂ ਨਹੀਂ ਕਰ ਰਹੀ ਹੈ। ਪ੍ਰਾਈਵੇਟ ਸੈਕਟਰ 'ਚ ਵੀ ਨੌਕਰੀਆਂ ਘਟ ਰਹੀਆਂ ਹਨ। ਪਿਛਲੇ ਸਾਲ ਇੱਕ ਕਰੋੜ ਤੋਂ ਜ਼ਿਆਦਾ ਨੌਕਰੀਆਂ ਘਟੀਆਂ ਹਨ। ਜੇ ਭਾਜਪਾ ਸਰਕਾਰ ਗੰਭੀਰ ਹੈ ਤਾਂ ਇਨ੍ਹਾਂ ਅਹੁਦਿਆਂ ਨੂੰ ਭਰਨ ਦਾ ਹੁਕਮ ਛੇਤੀ ਜਾਰੀ ਕਿਉਂ ਕਰਦੀ? ਜੇ ਕਾਂਗਰਸ ਗੰਭੀਰ ਹੈ ਤਾਂ ਆਪਣੀਆਂ ਸਰਕਾਰਾਂ ਤੋਂ ਲੋਕਾਂ ਨੂੰ ਰੋਜ਼ਗਾਰ ਕਿਉਂ ਨਹੀਂ ਦਿਵਾਉਂਦੀ?'' ਦੋਵਾਂ ਦੇ ਮੂੰਹ 'ਚੋਂ ਇਕੱਠਿਆਂ ਨਿਕਲਿਆ, ''ਜੁਮਲਾ ਨਹੀਂ, ਜੌਬ ਚਾਹੀਦੀ ਹੈ।''

## ਹਲਕਾ ਫੁਲਕਾ

ਇੱਕ ਵਿਅਕਤੀ ਨੇ ਆਪਣੇ ਦੋਸਤ ਨੂੰ ਪੁੱਛਿਆ, ''ਪਤਨੀ ਵੱਲੋਂ ਤਲਾਕ ਦਿੱਤੇ ਜਾਣ 'ਤੇ ਤੁਹਾਨੂੰ ਬਹੁਤ ਤਕਲੀਫ ਰਹਿੰਦੀ ਹੋਵੇਗੀ?''
ਦੋਸਤ ਨੇ ਕਿਹਾ, ''ਨਹੀਂ, ਮੈਂ ਜ਼ਿਆਦਾ ਸੁਖੀ ਹਾਂ। ਪਹਿਲਾਂ ਮੈਨੂੰ ਦੋ ਬੰਦਿਆਂ ਦਾ ਕੰਮ ਕਰਨਾ ਪੈਂਦਾ ਸੀ, ਅੱਜ ਕੱਲ੍ਹ ਇੱਕੋ ਦਾ ਕਰਨਾ ਪੈਂਦਾ ਹੈ।''

*********

ਗਾਹਕ (ਵੇਟਰ ਨੂੰ), ''ਇਹ ਸੂਪ ਤਾਂ ਬਹੁਤ ਪਤਲਾ ਹੈ।''
ਵੇਟਰ, ''ਸਾਡੇ ਮਾਲਕ ਚਾਹੁੰਦੇ ਹਨ ਕਿ ਕਟੋਰੀ 'ਚ ਬਣੇ ਵੇਲ-ਬੂਟੇ ਵੀ ਤੁਸੀਂ ਦੇਖ ਸਕੋ।''

*********

ਜੱਜ (ਮ੍ਰਿਤਕ ਦੀ ਪਤਨੀ ਨੂੰ), ''ਤੂੰ ਆਪਣੇ ਪਤੀ ਨੂੰ ਪਾਣੀ 'ਚ ਜ਼ਹਿਰ ਮਿਲਾ ਕੇ ਕਿਉਂ ਮਾਰ ਦਿੱਤਾ?''
ਪਤਨੀ, ''ਜੀ ਉਨ੍ਹਾਂ ਨੇ ਖੁਦ ਹੀ ਕਿਹਾ ਸੀ ਕ ਕੁਝ ਅਜਿਹਾ ਪਿਲਾਓ, ਜਿਸ ਨਾਲ ਮੈਂ ਠੰਢਾ ਹੋ ਜਾਵਾਂ।''

Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
Dr. Samreet Kaur Randhawa
General Family Dentist
New Patients welcome
Deal Directly with all Insurance Companies
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
DENTISTRY
Squire Ellis Dr
Countryside Dr

Call for Free Estimates
A-1 RENOVATION GTA INC
$1,000 off with this flyer on New Basement
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

Jobs Jobs Jobs
General Labour/ Drivers/ Window Assemblers & Machine Operators
ਅੱਜ ਆਓ ਤੇ ਕੱਲ ਕੰਮ ਤੇ ਜਾਓ
– Full time/Part time workers Needed
– Morning & Afternoon Shifts Available
– 12 ਘੰਟੇ ਦੀਆਂ Shifts Available ਹਨ
– 7 ਦਿਨ ਕੰਮ ਉਪਲਬੱਧ ਹੈ।
– ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
– ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ




# ਤਰਸ ਦੇ ਆਧਾਰ ਉੱਤੇ ਕੀਤੀ ਭਰਤੀ ਬਾਰੇ ਪੰਜਾਬ ਪੁਲਸ ਨੇ ਚੁੱਪ ਧਾਰੀ

ਚੰਡੀਗੜ੍ਹ, 9 ਜਨਵਰੀ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਅਧਿਕਾਰੀ ਵਿਸ਼ੇਸ਼ ਕੇਸ ਤਹਿਤ ਜਾਂ ਤਰਸ ਦੇ ਆਧਾਰ ਉੱਤੇ ਕੀਤੀ ਭਰਤੀ ਦੇ ਮਾਮਲੇ 'ਤੇ ਜਾਣਕਾਰੀ ਦੇਣ ਤੋਂ ਕੰਨੀ ਕਤਰਾ ਰਹੇ ਹਨ। ਇਸ ਜਾਣਕਾਰੀ ਨੂੰ ਸੂਚਨਾ ਅਧਿਕਾਰ ਕਾਨੂੰਨ ਦੇ ਦਾਇਰੇ ਤੋਂ ਬਾਹਰ ਦੱਸਿਆ ਜਾ ਰਿਹਾ ਹੈ।




ਬਰਨਾਲਾ ਜ਼ਿਲੇ ਨਾਲ ਸਬੰਧਤ ਆਰ ਟੀ ਆਈ ਕਾਰਕੁੰਨ ਅਮ੍ਰਿਤਪਾਲ ਸਿੰਘ ਧਾਲੀਵਾਲ ਨੇ ਪਿਛਲੇ ਸਮੇਂ ਦੌਰਾਨ ਕੀਤੀ ਗਈ ਭਰਤੀ ਸਬੰਧੀ ਜਾਣਕਾਰੀ ਮੰਗੀ ਸੀ, ਜਿਸ ਨੂੰ ਦੇਣ ਤੋਂ ਅਧਿਕਾਰੀਆਂ ਨੇ ਕੋਰੀ ਨਾਂਹ ਕਰ ਦਿੱਤੀ ਹੈ। ਆਰ ਟੀ ਆਈ ਕਾਰਕੁਨ ਨੇ ਡੀ ਜੀ ਪੀ ਦਫਤਰ ਅਤੇ ਗ੍ਰਹਿ ਵਿਭਾਗ ਦੋਵਾਂ ਤੋਂ ਜਾਣਕਾਰੀ ਮੰਗੀ ਸੀ ਕਿ ਪਹਿਲੀ ਜਨਵਰੀ 2007 ਤੋਂ 31 ਮਾਰਚ 2018 ਤੱਕ ਤਰਸ ਦੇ ਆਧਾਰ 'ਤੇ ਜਾਂ ਵਿਸ਼ੇਸ਼ ਕੇਸ ਵਜੋਂ ਡੀ ਐਸ ਪੀ, ਇੰਸਪੈਕਟਰ, ਸਬ ਇੰਸਪੈਕਟਰ, ਏ ਐਸ ਆਈ ਜਾਂ ਸਿਪਾਹੀ ਦੇ ਅਹੁਦਿਆਂ 'ਤੇ ਕਿੰਨੇ ਨੌਜਵਾਨਾਂ ਨੂੰ ਭਰਤੀ ਕੀਤਾ ਗਿਆ। ਭਰਤੀ ਕੀਤੇ ਗਏ ਨੌਜਵਾਨਾਂ ਦੀ ਰਿਹਾਇਸ਼ ਦੇ ਨਾਲ-ਨਾਲ ਨੌਜਵਾਨਾਂ ਨੂੰ ਦਿੱਤੇ ਗਏ ਨਿਯੁਕਤੀ ਪੱਤਰਾਂ ਦੀਆਂ ਕਾਪੀਆਂ ਵੀ ਮੰਗੀਆਂ ਗਈਆਂ ਸਨ। ਜ਼ਿਕਰ ਯੋਗ ਹੈ ਕਿ ਕੈਪਟਨ ਅਮਰਿੰ-ਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਦੇ ਗਠਨ ਤੋਂ ਬਾਅਦ ਤਰਸ ਦੇ ਆਧਾਰ 'ਤੇ ਪਹਿਲੀ ਨਿਯੁਕਤੀ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਗੁਰਇਕਬਾਲ ਸਿੰਘ ਦੀ ਕੀਤੀ ਗਈ ਸੀ। ਇਸੇ ਤਰ੍ਹਾਂ ਸਬ ਇੰਸਪੈਕਟਰ ਵਜੋਂ ਵੀ ਸੀਨੀਅਰ ਪੁਲਸ ਅਧਿਕਾਰੀਆਂ ਦੇ ਕਈ ਨੇੜਲੇ ਪਰਵਾਰਾਂ ਦੇ ਮੈਂਬਰਾਂ ਨੂੰ ਵਿਸ਼ੇਸ਼ ਕੇਸ ਵਜੋਂ ਭਰਤੀ ਕੀਤਾ ਗਿਆ ਅਤੇ ਇਹ ਰੁਝਾਨ ਲਗਾਤਾਰ ਜਾਰੀ ਹੈ।

ਗ੍ਰਹਿ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਪੁਲਸ ਵਿੱਚ ਵਿਸ਼ੇਸ਼ ਕੇਸ ਵਜੋਂ ਜਾਂ ਤਰਸ ਦੇ ਆਧਾਰ 'ਤੇ ਨੌਕਰੀ ਕਰਨ ਦੇ ਕੇਸ ਵਿੱਚ ਨਿਯਮਾਂ ਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ। ਪੁਲਸ ਅਧਿਕਾਰੀਆਂ ਵੱਲੋਂ ਆਪਣੇ ਚਹੇਤਿਆਂ ਨੂੰ ਨੌਕਰੀਆਂ ਦੇ ਗੱਫੇ ਦਿੱਤੇ ਜਾ ਰਹੇ ਹਨ। ਪੁਲਸ ਅਧਿਕਾਰੀਆਂ ਦੇ ਇਸ ਆਪ ਮੁਹਾਰੇਪਣ ਅੱਗੇ ਗ੍ਰਹਿ ਵਿਭਾਗ ਨੇ ਵੀ ਗੋਡੇ ਟੇਕ ਦਿੱਤੇ ਹਨ। ਗ੍ਰਹਿ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਪਿਛਲੇ ਕੁਝ ਸਾਲਾਂ ਦੌਰਾਨ ਸਬ ਇੰਸਪੈਕਟਰ ਵਜੋਂ ਕਈ ਅਜਿਹੇ ਨੌਜਵਾਨਾਂ ਨੂੰ ਭਰਤੀ ਕੀਤਾ ਗਿਆ, ਜਿਨ੍ਹਾਂ ਦੀ ਕੋਈ ਖਾਸ ਯੋਗਤਾ ਜਾਂ ਸਮਾਜ ਨੂੰ ਦੇਣ ਨਹੀਂ ਸੀ, ਬਸ ਕੁਝ ਪੁਲਸ ਅਫਸਰਾਂ ਦੇ ਨਜ਼ਦੀਕੀ ਹੋਣ ਦਾ ਲਾਭ ਮਿਲਿਆ। ਭਰਤੀ ਨਾਲ ਸਬੰਧਤ ਜਾਣਕਾਰੀ ਸੂਚਨਾ ਦੇ ਅਧਿਕਾਰ ਕਾਨੂੰਨ ਦੇ ਦਾਇਰੇ ਹੇਠ ਆਉਂਦੀ ਹੈ ਤੇ ਕੋਈ ਵੀ ਵਿਭਾਗ ਭਰਤੀ ਦੇ ਮਾਮਲੇ ਵਿੱਚ ਜਾਣਕਾਰੀ 'ਤੇ ਪਰਦਾ ਪਾ ਕੇ ਨਹੀਂ ਰੱਖ ਸਕਦਾ, ਪਰ ਪੰਜਾਬ ਪੁਲਸ ਦਾ ਇਸ ਮਾਮਲੇ 'ਚ ਰੱਬ ਹੀ ਰਾਖਾ ਹੈ।

ਤਾਜ਼ਾ ਕੇਸ ਵਿੱਚ ਪੰਜਾਬ ਪੁਲਸ ਦੀ ਸਹਾਇਕ ਇੰਸਪੈਕਟਰ ਜਨਰਲ (ਪਰਸੋਨਲ-2) ਕਮ ਲੋਕ ਸੂਚਨ ਅਧਿਕਾਰੀ ਅਮਨੀਤ ਕੌਰ ਕੌਂਡਲ ਵੱਲੋਂ ਭੇਜੇ ਪੱਤਰ ਵਿੱਚ ਪ੍ਰਾਰਥੀ ਨੂੰ ਸੂਚਨਾ ਦੇਣ ਤੋਂ ਇਨਕਾਰ ਕੀਤਾ ਗਿਆ ਅਤੇ ਮੰਗੀ ਗਈ ਸੂਚਨਾ ਕਵਰ ਕੀਤੀ ਗਈ ਛੋਟ ਦੀ ਸ਼੍ਰੇਣੀ ਵਿੱਚ ਆਉਣ ਦੀ ਗੱਲ ਕਹੀ ਗਈ ਹੈ। ਦੱਸਣ ਯੋਗ ਹੈ ਕਿ ਸੁਪਰੀਮ ਕੋਰਟ ਵੱਲੋਂ ਤਰਸ ਦੇ ਆਧਾਰ 'ਤੇ ਨੌਕਰੀ ਦੇ ਕੇਸ ਵਿੱਚ ਵੀ ਸਪੱਸ਼ਟ ਹਦਾਇਤਾਂ ਦਿੱਤੀਆਂ ਗਈਆਂ ਹਨ, ਪਰ ਪੰਜਾਬ ਪੁਲਸ ਵੱਲੋਂ ਇਨ੍ਹਾਂ ਹਦਾਇਤਾਂ ਨੂੰ ਛਿੱਕੇ ਟੰਗ ਕੇ ਭਰਤੀ ਕੀਤੀ ਜਾਂਦੀ ਹੈ। ਪੰਜਾਬ ਪੁਲਸ ਵਿੱਚ ਤਰਸ ਦੇ ਆਧਾਰ 'ਤੇ ਹੀ ਇਕ ਨੌਕਰੀ ਦੀ ਥਾਂ ਪਰਵਾਰ ਦੇ ਕਈ-ਕਈ ਮੈਂਬਰਾਂ ਨੂੰ ਨੌਕਰੀਆਂ ਦਿੱਤੇ ਹੋਣ ਦੇ ਸਪੱਸ਼ਟ ਸਬੂਤ ਹਨ। ਸੀਨੀਅਰ ਪੁਲਸ ਅਧਿਕਾਰੀਆਂ ਵੱਲੋਂ ਇਸ ਸਾਰੇ ਮਾਮਲੇ 'ਤੇ ਪਰਦਾ ਪਾਇਆ ਜਾ ਰਿਹਾ ਹੈ। ਪੰਜਾਬ ਪੁਲਸ ਵਿੱਚ ਖੇਡ ਕੋਟੇ ਤਹਿਤ ਹੋਣ ਵਾਲੀ ਭਰਤੀ 'ਤੇ ਵੀ ਸਵਾਲ ਉਠਣ ਲੱਗਿਆ ਹੈ। ਸਿਵਲ ਤੇ ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਪੁਲਸ ਜੋ ਲੋਕਾਂ ਦੀ ਜਾਨ ਮਾਲ ਨਾਲ ਜੁੜਿਆ ਵਿਭਾਗ ਹੈ, ਵਿੱਚ ਖੇਡ ਕੋਟੇ ਤਹਿਤ ਭਰਤੀ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ।

# 'ਦ ਐਕਸੀਡੈਂਟਲ ਪ੍ਰਾਈਮ ਮਿਨਿਸਟਰ' ਫਿਲਮ ਵਾਲਾ ਕੇਸ ਹਾਈ ਕੋਰਟ ਪਹੁੰਚਿਆ

ਚੰਡੀਗੜ੍ਹ, 9 ਜਨਵਰੀ (ਪੋਸਟ ਬਿਊਰੋ)- ਸਿਆਸੀ ਗਲਿਆਰਿਆਂ ਵਿੱਚ ਸੁਰਖੀਆਂ ਖੱਟਦੀ ਜਾ ਰਹੀ ਫਿਲਮ 'ਦ ਐਕਸੀਡੈਂਟਲ ਪ੍ਰਾਈਮ ਮਨਿਸਟਰ' 'ਤੇ ਰੋਕ ਲਾਉਣ ਲਈ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਗਈ ਹੈ।



ਗੁਰੂ ਹਰਸਹਾਇ (ਫਿਰੋਜ਼ਪੁਰ) ਤੋਂ ਵਿਧਾਇਕ ਤੇ ਕੈਬਨਿਟ ਮੰਤਰੀ ਰਾਣਾ ਗੁਰਮੀਤ ਸੋਢੀ ਦੇ ਪੁੱਤਰ ਅਨੁਮੀਤ ਸਿੰਘ ਸੋਢੀ ਨੇ ਇਹ ਪਟੀਸ਼ਨ ਦਾਇਰ ਕੀਤੀ ਹੈ। ਉਨ੍ਹਾਂ ਨੇ ਸੈਂਸਰ ਬੋਰਡ ਤੋਂ ਫਿਲਮ ਨੂੰ ਮਿਲੀ ਮਨਜ਼ੂਰੀ ਨੂੰ ਚੁਣੌਤੀ ਦਿੱਤੀ ਹੈ। ਕੋਰਟ ਨੇ ਪਟੀਸ਼ਨ 'ਤੇ ਕੱਲ੍ਹ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ। ਪਟੀਸ਼ਨ ਵਿੱਚ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਵੱਲੋਂ ਫਿਲਮ ਨੂੰ ਦਿੱਤੀ ਗਈ ਮਨਜ਼ੂਰੀ ਨੂੰ ਗਲਤ ਦੱਸਿਆ ਗਿਆ ਹੈ। ਪਟੀਸ਼ਨਰ ਨੇ ਕਿਹਾ ਹੈ ਕਿ ਇਹ ਫਿਲਮ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੇ ਚਰਿੱਤਰ ਦੇ ਦੁਆਲੇ ਘੁੰਮਦੀ ਹੈ ਤੇ ਇਸ ਨਾਲ ਉਨ੍ਹਾਂ ਦੇ ਅਕਸ ਖਰਾਬ ਹੁੰਦਾ ਹੈ। ਸੀ ਬੀ ਐੱਫ ਸੀ ਦੇ ਨਿਯਮਾਂ ਅਨੁਸਾਰ ਕਿਸੇ ਜੀਵਿਤ ਵਿਅਕਤੀ ਦੇ ਜੀਵਨ 'ਤੇ ਫਿਲਮ ਬਣਾਉਣ ਦੇ ਲਈ ਉਸ ਦੀ ਮਨਜ਼ੂਰੀ ਜ਼ਰੂਰੀ ਹੈ। ਅਨੁਮੀਤ ਸਿੰਘ ਦੇ ਵਕੀਲ ਕੰਨਣ ਮਲਿਕ ਨੇ ਹਾਈ ਕੋਰਟ ਤੋਂ ਕੱਲ੍ਹ ਸੁਣਵਾਈ ਦੀ ਮੰਗ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਕਿਉਂਕਿ ਫਿਲਮ ਦੇ ਰਿਲੀਜ਼ ਹੋਣ ਨੂੰ ਸਿਰਫ ਤਿੰਨ ਦਿਨ ਬਚੇ ਹਨ ਅਤੇ ਇਸ ਦੇ ਟ੍ਰੇਲਰ ਜਾਰੀ ਕੀਤੇ ਜਾ ਚੁੱਕੇ ਹਨ, ਪਰੰਤੂ ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਦੀ ਬੈਂਚ ਨੇ ਬੀਤੇ ਦਿਨ ਸੁਣਵਾਈ ਕੀਤੇ ਜਾਣ ਦੇ ਹੁਕਮ ਦਿੱਤੇ ਹਨ।

ਦੱਸਣਾ ਬਣਦਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੇ ਮੀਡੀਆ ਸਲਾਹਕਾਰ ਰਹੇ ਸੰਜੇ ਬਾਰੂ ਨੇ 'ਦ ਐਕਸੀਡੈਂਟਲ ਪ੍ਰਾਈਮ ਮਨਿ-ਸਟਰ' ਨਾਂਅ ਨਾਲ ਪੁਸਤਕ ਲਿਖੀ ਸੀ। ਇਸੇ ਪੁਸਤਕ ਦੀ ਕਹਾਣੀ ਦੇ ਆਧਾਰ 'ਤੇ ਇਹ ਫਿਲਮ ਬਣਾਈ ਗਈ ਹੈ।

ਇਸ ਦੌਰਾਨ ਫਿਲਮ 'ਦ ਐਕਸੀਡੈਂਟਲ ਪ੍ਰਾਈਮ ਮਨਿਸਟਰ' ਨੂੰ ਲੈ ਕੇ ਬਿਹਾਰ ਦੇ ਮੁਜ਼ੱਫਰਨਗਰ ਐਸ ਡੀ ਜੇ ਐਮ (ਪੱਛਮੀ) ਸਬਾ ਆਲਮ ਦੀ ਅਦਾਲਤ ਨੇ ਕਾਂਟੀ ਥਾਣਾ ਮੁਖੀ ਨੂੰ ਐੱਫ ਆਈ ਆਰ ਦਰਜ ਕਰ ਕੇ ਜਾਂਚ ਦੇ ਹੁਕਮ ਦਿੱਤੇ ਹਨ। ਹੁਕਮ ਵਕੀਲ ਸੁਧੀਰ ਕੁਮਾਰ ਓਝਾ ਦੀ ਅਰਜ਼ੀ ਦੀ ਸੁਣਵਾਈ ਦੇ ਬਾਅਦ ਕੱਲ੍ਹ ਦਿੱਤਾ ਗਿਆ।

# ਚੰਡੀਗੜ੍ਹ ਤੋਂ ਹਜ਼ੂਰ ਸਾਹਿਬ ਲਈ ਪਹਿਲੀ ਉਡਾਣ ਸ਼ੁਰੂ

ਮੋਹਾਲੀ, 9 ਜਨਵਰੀ (ਪੋਸਟ ਬਿਊਰੋ)- ਕੱਲ੍ਹ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦੀ ਅਗਵਾਈ ਹੇਠ ਚੰਡੀਗੜ੍ਹ ਤੋਂ ਨਾਂਦੇੜ ਸਾਹਿਬ ਲਈ ਪਹਿਲਾ ਜਥਾ ਰਵਾਨਾ ਹੋਇਆ। ਪੰਜ ਪਿਆਰਿਆਂ ਦੀ ਹਾਜ਼ਰੀ ਸਮੇਤ ਸਮੂਹ ਸ਼ਰਧਾਲੂਆਂ ਦਾ ਪਹਿਲਾ ਜਥਾ ਅਰਦਾਸ ਕਰਨ ਉਪਰੰਤ ਮੋਹਾਲੀ ਹਵਾਈ ਅੱਡੇ ਤੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਲਈ ਰਵਾਨਾ ਹੋਇਆ।

ਇਸ ਮੌਕੇ ਚੰਦੂਮਾਜਰਾ ਨੇ ਦੱਸਿਆ ਕਿ ਪਿਛਲੇ ਚਾਰ ਸਾਲ ਤੋਂ ਉਨ੍ਹਾਂ ਵੱਲੋਂ ਲੋਕ ਸਭਾ ਅੰਦਰ ਚੰਡੀਗੜ੍ਹ ਹਵਾਈ ਅੱਡੇ ਤੋਂ ਨਾਂਦੇੜ ਸਾਹਿਬ ਲਈ ਸਿੱਧੀਆਂ ਉਡਾਣਾਂ ਦੀ ਮੰਗ ਕੀਤੀ ਜਾ ਰਹੀ ਸੀ, ਜੋ ਹੁਣ ਪੂਰੀ ਹੋਈ ਹੈ। ਚੰਦੂਮਾਜਰਾ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਕੇਂਦਰੀ ਮੰਤਰੀ ਸੁਰੇਸ਼ ਪ੍ਰਭੂ ਨੇ



ਚੰਡੀਗੜ੍ਹ ਤੋਂ ਸਿੱਧੀਆਂ ਨਾਂਦੇੜ ਸਾਹਿਬ ਲਈ ਉਡਾਣਾਂ ਦੀ ਮਨਜ਼ੂਰੀ ਦੇ ਦਿੱਤੀ ਸੀ, ਪਰ ਤਕਨੀਕੀ ਕਾਰਨਾਂ ਕਰ ਕੇ ਇਹ ਸੇਵਾ ਸ਼ੁਰੂ ਨਹੀਂ ਹੋ ਸਕੀ ਸੀ, ਪਰ ਲੰਮੇ ਸਮੇਂ ਦੀ ਜੱਦੋਜਹਿਦ ਬਾਅਦ ਗੁਰੂ ਜੀ ਦੀ ਕਿਰਪਾ ਸਦਕਾ ਕੱਲ੍ਹ ਪਹਿਲੀ ਉਡਾਣ ਸਮੂਹ ਸਿੱਖ ਸੰਗਤਾਂ ਸਮੇਤ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਾਂਦੇੜ ਸਾਹਿਬ ਦਾ ਹਵਾਈ ਅੱਡੇ ਸ਼ੁਰੂ ਹੋਣ ਨਾਲ ਹੀ ਅੰਮ੍ਰਿਤਸਰ ਅਤੇ ਮੁੰਬਈ ਤੋਂ ਨਾਂਦੇੜ ਸਾਹਿਬ ਲਈ ਹਵਾਈ ਸੇਵਾ ਪਹਿਲਾਂ ਹੀ ਆਰੰਭ ਹੋ ਚੁੱਕੀ ਹੈ।

# 700 ਬੋਰੀਆਂ ਕਣਕ ਗਾਇਬ ਹੋਣ ਕਾਰਨ ਮਚਿਆ ਹੰਗਾਮਾ

ਚੰਡੀਗੜ੍ਹ, 9 ਜਨਵਰੀ (ਪੋਸਟ ਬਿਊਰੋ)- ਤਰਨ ਤਾਰਨ ਜ਼ਿਲੇ ਦੇ ਕਸਬਾ ਪੱਟੀ ਤੋਂ ਰੇਲਵੇ ਰੈਕ ਵਿੱਚੋਂ 700 ਕਣਕ ਤੋਂ ਭਰੇ ਬੈਗ ਗਾਇਬ ਹੋਣ ਦੇ ਬਾਅਦ ਪੰਜਾਬ ਫੂਡ ਅਤੇ ਸਿਵਲ ਸਪਲਾਈ ਵਿਭਾਗ ਨੇ ਉਚ ਪੱਧਰੀ ਜਾਂਚ ਦੇ ਹੁਕਮ ਦੇ ਦਿੱਤੇ ਹਨ। ਪੰਜਾਬ ਦੇ ਫੂਡ ਅਤੇ ਸਿਵਲ ਸਪਲਾਈ ਵਿਭਾਗ ਨੂੰ ਬੈਗ ਗਾਇਬ ਹੋਣ ਦੀ ਜਾਣਕਾਰੀ ਭਾਰਤੀ ਖੁਰਾਕ ਨਿਗਮ ਨੇ ਇੱਕ ਪੱਤਰ ਲਿਖ ਕੇ ਦਿੱਤੀ ਹੈ। ਪਤਾ ਲੱਗਾ ਹੈ ਕਿ ਇਹ ਰੈਕ ਪਨਸਪ ਅਤੇ ਪੰਜਾਬ ਐਗਰੋ ਦੁਆਰਾ ਪੱਟੀ ਸਟੇਸ਼ਨ 'ਤੇ ਭਰਿਆ ਗਿਆ ਸੀ। ਫੂਡ ਅਤੇ ਸਪਲਾਈ ਵਿਭਾਗ ਦੇ ਡਾਇਰੈਕਟਰ ਨੇ ਪੰਜਾਬ ਐਗਰੋ, ਮਾਰਕਫੈੱਡ, ਪੰਜਾਬ ਵੇਅਰ ਹਾਊਸ ਕਾਰਪੋਰੇਸ਼ਨ, ਪਨਗਰੇਨ ਅਤੇ ਪਨਸਪ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਉਹ ਆਪਣੇ-ਆਪਣੇ ਪੱਟੀ ਵਿੱਚ ਪਏ ਕਣਕ ਦੇ ਸਟਾਕ ਚੈੱਕ ਕਰਨ ਅਤੇ ਇਸ ਸੰਬੰਧ ਵਿੱਚ ਰਿਪੋਰਟ ਨਿਗਮ ਨੂੰ ਭੇਜ ਦੇਣ ਤੇ ਰਿਪੋਰਟ ਦੀ ਇੱਕ ਕਾਪੀ ਫੂਡ ਸਪਲਾਈ ਵਿਭਾਗ ਨੂੰ ਵੀ ਭੇਜਣ। ਇਸ ਦੇ ਇਲਾਵਾ ਪਨਸਪ ਅਤੇ ਪੰਜਾਬ ਐਗਰੋ ਨੂੰ ਕਿਹਾ ਗਿਆ ਹੈ ਕਿ ਉਹ 700 ਬੈਗ ਗੁੰਮ ਹੋਣ ਦੇ ਬਾਰੇ ਵਿੱਚ ਵਿਸ਼ੇਸ਼ ਜਾਂਚ ਕਰਨ। ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾਏ ਕਿ ਇਹ ਬੈਗ ਕਿੱਥੋਂ ਗਾਇਬ ਹੋਏ। ਨਿਗਮ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਇਹ ਬੈਗ ਰੇਲ ਗੱਡੀ ਚੱਲਣ ਤੋਂ ਪਹਿਲਾਂ ਗੁੰਮ ਹੋ ਗਏ ਸਨ ਜਾਂ ਕਿਤੇ ਰਸਤੇ ਵਿੱਚ ਗੁੰਮ ਹੋਏ। ਸਰਕਾਰੀ ਸੂਤਰ ਕਹਿੰਦੇ ਹਨ ਕਿ ਕਈ ਵਾਰ ਰਸਤੇ 'ਚੋਂ ਕਣਕ ਦੇ ਬੈਗ ਗੁੰਮ ਹੋ ਜਾਂਦੇ ਹਨ। ਕਈ ਵਾਰ ਤਾਲਾ ਤੋੜ ਕੇ ਬੈਗ ਕੱਢ ਲਏ ਜਾਂਦੇ ਹਨ। ਸਟਾਕ ਚੈਕ ਕਰਨ ਪਿੱਛੋਂ ਸਾਰੇ ਵਿਭਾਗਾਂ ਨੂੰ ਅਗਲੇ ਹਫਤੇ ਦੇ ਸ਼ੁਰੂ ਵਿੱਚ ਰਿਪੋਰਟ ਕਰਨ ਦੇ ਲਈ ਕਿਹਾ ਗਿਆ ਹੈ। ਪੰਜਾਬ ਵਿੱਚ ਅਕਸਰ ਸਰਕਾਰੀ ਗੋਦਾਮਾਂ ਤੋਂ ਅਨਾਜ ਗਾਇਬ ਹੋ ਜਾਂਦਾ ਹੈ। ਇਸ ਕਾਰਨ ਬਹੁਤ ਸਾਰੇ ਸਰਕਾਰੀ ਅਧਿਕਾਰੀ ਪਹਿਲਾਂ ਕਈ ਵਾਰ ਚਾਰਜਸ਼ੀਟ ਹੋ ਚੁੱਕੇ ਹਨ। 700 ਬੈਗ ਗਾਇਬ ਹੋਣ ਦੇ ਬਾਰੇ ਵਿੱਚ ਨਿਗਮ ਦੇ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਪ੍ਰੰਤੂ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ।

# ਸੋਢਲ ਫਾਟਕ ਉੱਤੇ ਟਰੇਨ ਇੰਜਣ ਹੇਠਾਂ ਆਏ ਨੌਜਵਾਨ ਦੀ ਮੌਤ

ਜਲੰਧਰ, 9 ਜਨਵਰੀ (ਪੋਸਟ ਬਿਊਰੋ)- ਕੱਲ੍ਹ ਦੁਪਹਿਰ ਸਥਾਨਕ ਸੋਢਲ ਫਾਟਕ 'ਤੇ ਇੱਕ ਨੌਜਵਾਨ ਰੇਲ ਲਾਈਨ ਪਾਰ ਕਰਦੇ ਹੋਏ ਟਰੇਨ ਦੇ ਇੰਜਣ ਦੀ ਲਪੇਟ ਵਿੱਚ ਆ ਗਿਆ। ਡਰਾਈਵਰ ਨੇ ਟਰੇਨ ਦੇ ਹੇਠਾਂ ਲਾਸ਼ ਫਸੀ ਹੋਣ ਕਾਰਨ ਟਰੇਨ ਕਰੀਬ ਅੱਧਾ ਘੰਟਾ ਘਟਨਾ ਸਥਾਨ 'ਤੇ ਖੜ੍ਹੀ ਰਹੀ। ਸੂਚਨਾ ਮਿਲਦੇ ਸਾਰ ਜੀ ਆਰ ਪੀ ਅਤੇ ਆਰ ਪੀ ਐੱਫ ਦੇ ਕਰਮਚਾਰੀ ਮੌਕੇ 'ਤੇ ਪਹੁੰਚੇ ਅਤੇ ਇੰਜਣ ਹੇਠਾਂ ਮੁਸ਼ਕਲ ਨਾਲ ਲਾਸ਼ ਨੂੰ ਕੱਢਿਆ ਅਤੇ ਆਪਣੇ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ ਭੇਜਿਆ। ਮ੍ਰਿਤਕ ਦੀ ਪਛਾਣ ਰਾਜੂ (26) ਪੁੱਤਰ ਰਮੇਸ਼ ਕੁਮਾਰ ਵਾਸੀ ਗੋਪਾਲ ਨਗਰ ਦੇ ਰੂਪ ਵਿੱਚ ਹੋਈ। ਰਾਜੂ ਦੀ ਵੱਡੀ ਭੈਣ ਵਿਆਹੁਤਾ ਹੈ ਅਤੇ ਛੋਟਾ ਭਰਾ ਆਟੋ ਚਲਾਉਂਦਾ ਹੈ। ਮਿਲੀ ਜਾਣਕਾਰੀ ਅਨੁਸਾਰ ਜਲੰਧਰ ਸਿਟੀ ਸਟੇਸ਼ਨ ਤੋਂ ਦੁਪਹਰ ਕਰੀਬ 1.30 ਵਜੇ ਨਿਕਲੀ ਜੰਮੂ ਤਵੀ-ਅਹਿਮਦਾਬਾਦ ਐਕਸਪ੍ਰੈਸ ਟਰੇਨ ਅਜੇ ਸੋਢਲ ਫਾਟਕ ਨੇੜੇ ਇੱਕ ਨੌਜਵਨ ਰੇਲਵੇ ਲਾਈਨ 'ਤੇ ਆ ਗਿਆ। ਡਰਾਈਵਰ ਨੇ ਐਮਰਜੈਂਸੀ ਬ੍ਰੇਕ ਵੀ ਲਾਈ, ਪਰ ਇਸ ਦੇ ਬਾਵਜੂਦ ਉਹ ਟਰੇਨ ਦੇ ਹੇਠਾਂ ਆ ਗਿਆ।

# ਫੈਕਟਰੀ ਦਾ ਬੁਆਇਲਰ ਫਟਣ ਕਾਰਨ ਤਿੰਨ ਮਜ਼ਦੂਰਾਂ ਦੀ ਮੌਤ

ਲਾਲੜੂ, 9 ਜਨਵਰੀ (ਪੋਸਟ ਬਿਊਰੋ)- ਲੈਹਲੀ ਦੇ ਕੋਲ ਸਥਿਤ ਨਾਹਰ ਫੈਕਟਰੀ ਦੇ 12 ਮੈਗਾਵਾਟ ਬਿਜਲੀ ਘਰ ਵਿੱਚ ਕੱਲ੍ਹ ਸਵੇਰੇ ਕਰੀਬ 2.35 'ਤੇ ਬੁਆਇਲਰ ਟਿਊਬ ਦਾ ਹੈਂਡਲ ਫਟਣ ਨਾਲ ਜ਼ਬਰਦਸਤ ਧਮਾਕੇ ਦੇ ਕਾਰਨ ਚਾਰ ਮਜ਼ਦੂਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਇਨ੍ਹਾਂ 'ਚੋਂ ਤਿੰਨ ਦੀ ਇਲਾਜ ਦੌਰਾਨ ਮੌਤ ਹੋ ਗਈ। ਗੰਭੀਰ ਹਾਲਤ ਵਿੱਚ ਮਜ਼ਦੂਰਾਂ ਨੂੰ ਸਰਕਾਰੀ ਹਸਪਤਾਲ ਸੈਕਟਰ 32 ਚੰਡੀਗੜ੍ਹ ਲਿਜਾਇਆ ਗਿਆ ਸੀ, ਜਿਥੇ ਤਿੰਨ ਮਜ਼ਦੂਰਾਂ ਦੀ ਮੌਤ ਹੋਈ ਅਤੇ ਇਕ ਦੀ ਹਾਲਤ ਚਿੰਤਾਜਨਕ ਬਣੀ ਹੋਈ ਹੈ।

ਇਸ ਸੰਬੰਧ ਵਿੱਚ ਲੈਹਲੀ ਪੁਲਸ ਚੌਕੀ ਇੰਚਾਰਜ ਫੂਲਚੰਦ ਨੇ ਦੱਸਿਆ ਕਿ ਕੱਲ੍ਹ ਰਾਤ ਦੇ ਸਮੇਂ ਫੈਕਟਰੀ ਦੇ ਬਿਜਲੀ ਘਰ ਵਿੱਚ 4-5 ਕਰਮਚਾਰੀ ਡਿਊਟੀ 'ਤੇ ਸੀ। ਸਵੇਰੇ ਕਰੀਬ 2.35 'ਤੇ ਅਚਾਨਕ ਬੁਆਇਲਰ ਟਿਊਬ ਦਾ ਹੈਂਡਲ ਫਟ ਗਿਆ ਏ ਇਸ ਨਾਲ ਜ਼ਬਰਦਸਤ ਧਮਾਕਾ ਹੋਇਆ। ਧਮਾਕੇ ਦੀ ਆਵਾਜ਼ ਸੁਣ ਕੇ ਸਾਰੇ ਲੋਕ ਹੈਰਾਨ ਰਹਿ ਗਏ। ਧਮਾਕੇ ਦਾ ਰੌਲਾ ਦੂਰ ਤੱਕ ਸੁਣਾਈ ਦਿੱਤਾ। ਧਮਾਕੇ ਨਾਲ ਹੀ ਬਾਹਰ ਖੜੇ ਮਜ਼ਦੂਰਾਂ 'ਤੇ ਬੁਆਇਲਰ ਦਾ ਗਰਮ ਤਰਲ ਪਦਾਰਥ ਡਿੱਗ ਗਿਆ, ਜਿਸ ਦੇ ਕਾਰਨ ਉਹ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ। ਗੰਭੀਰ ਹਾਲਤ ਵਿੱਚ ਫੈਕਟਰੀ ਦੀ ਐਂਬੂਲੈਂਸ ਨਾਲ ਤੁਰੰਤ ਸੈਕਟਰ 32 ਚੰਡੀਗੜ੍ਹ ਦੇ ਸਰਕਾਰੀ ਹਸਪਤਾਲ ਵਿੱਚ ਲਿਜਾਇਆ ਗਿਆ, ਜਿਥੇ ਤਿੰਨ ਮਜ਼ਦੂਰਾਂ ਦੀ ਮੌਤ ਹੋ ਗਈ। ਇਨ੍ਹਾਂ ਦੀ ਪਛਾਣ ਹੇਮੰਤ ਕੁਮਾਰ (20), ਮਨੀਸ਼ ਕੁਮਾਰ (20), ਸੰਜੈ ਯਾਦਵ (35) ਸਾਰੇ ਨਿਵਾਸੀ ਬਿਹਾਰ ਤੋਂ ਹਨ, ਜਦ ਕਿ ਜ਼ਖਮੀ ਸੋਨੂੰ (20) ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੁਲਸ ਚੌਕੀ ਇੰਚਾਰਜ ਨੇ ਦੱਸਿਆ ਕਿ ਉਕਤ ਬਿਆਨ 'ਤੇ 174 ਦੀ ਕਾਰਵਾਈ ਰਾਤ ਦੇ ਸਮੇਂ ਡਿਊਟੀ 'ਤੇ ਤੈਨਾਤ ਚਸ਼ਮਦੀਨ ਫਾਇਰਮੈਨ ਪ੍ਰਮੋਦ ਕੁਮਾਰ ਦੇ ਬਿਆਨ 'ਤੇ ਕੀਤੀ ਗਈ ਹੈ ਅਤੇ ਅਜੇ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਆਈ ਜੀ ਗੁਰਿੰਦਰ ਸਿੰਘ ਢਿੱਲੋਂ ਨੂੰ ਹਾਈ ਕੋਰਟ ਵੱਲੋਂ ਰਾਹਤ

ਚੰਡੀਗੜ੍ਹ, 9 ਜਨਵਰੀ (ਪੋਸਟ ਬਿਊਰੋ)- ਹਾਈ ਕੋਰਟ ਨੇ ਫਿਰੋਜ਼ਪੁਰ ਰੇਂਜ ਦੇ ਪਿੱਛਲੇ ਆਈ ਜੀ ਗੁਰਿੰਦਰ ਸਿੰਘ ਢਿੱਲੋਂ ਨੂੰ ਰਾਹਤ ਪ੍ਰਦਾਨ ਕੀਤੀ ਹੈ। ਉਨ੍ਹਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਗ੍ਰਿਫਤਾਰੀ ਦੀ ਸੂਰਤ 'ਚ ਪਹਿਲਾਂ ਸੱਤ ਦਿਨਾਂ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।




ਜਸਟਿਸ ਦਿਆ ਚੌਧਰੀ ਵਾਲੇ ਬੈਂਚ ਨੇ ਇਨ੍ਹਾਂ ਹੁਕਮਾਂ ਨਾਲ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਕੇਸ ਦੀ ਜਾਂਚ ਸੀ ਬੀ ਆਈ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਕੀਤੀ ਜਾਵੇਗੀ ਤੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਕਰਨ ਦੀ ਸੂਰਤ 'ਚ ਪਹਿਲਾਂ ਪੰਜਾਬ ਸਰਕਾਰ ਦੀ ਮਨਜ਼ੂਰੀ ਲਾਜ਼ਮੀ ਹੋਵੇਗੀ। ਢਿੱਲੋਂ ਵੱਲੋਂ ਸੀਨੀਅਰ ਐਡਵੋਕੇਟ ਜਸਜੀਤ ਸਿੰਘ ਬੇਦੀ, ਜੀ ਕੇ ਮਾਨ ਅਤੇ ਅਰੁਣ ਭਾਰਦਵਾਜ ਰਾਹੀਂ ਦਾਇਰ ਪਟੀਸ਼ਨ 'ਤੇ ਇਹ ਨਿਰਦੇਸ਼ ਆਏ ਹਨ। ਇਸ ਦੌਰਾਨ ਬੈਂਚ ਨੂੰ ਦੱਸਿਆ ਗਿਆ ਕਿ ਇਹ ਪੁਲਸ ਅਧਿਕਾਰੀ ਅਪਰਾਧ ਕਾਨੂੰਨ ਦੀ ਧਾਰਾ 160 ਤਹਿਤ ਜਾਰੀ ਨੋਟਿਸ ਦੀ ਪਾਲਣਾ ਵਜੋਂ ਖੁਦ ਜਾਂਚ 'ਚ ਸ਼ਾਮਲ ਹੋਣ ਲਈ ਤਿਆਰ ਸੀ, ਪਰ ਉਸ ਨੂੰ ਸ਼ੱਕ ਹੈ ਕਿ ਜਾਂਚ ਦੌਰਾਨ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਅੱਗੇ ਕਿਹਾ ਗਿਆ ਕਿ ਪਟੀਸ਼ਨਰ ਜਾਂਚ ਵਿੱਚ ਸਹਿਯੋਗ ਦੇਣ ਲਈ ਤਿਆਰ ਹੈ, ਪਰ ਉਸ ਨੂੰ ਸੁਣੇ ਜਾਣ ਦਾ ਮੌਕਾ ਮਿਲਣਾ ਚਾਹੀਦਾ ਹੈ ਅਤੇ ਜਾਂਚ ਦੌਰਾਨ ਉਸ ਨੂੰ ਅਚਾਨਕ ਗ੍ਰਿਫਤਾਰ ਨਾ ਕਰ ਲਿਆ ਜਾਵੇ। ਦੱਸਣ ਯੋਗ ਹੈ ਕਿ ਇਹ ਕੇਸ ਪੰਜਾਬ ਪੁਲਸ ਦੇ ਹੀ ਇੱਕ ਸਾਬਕਾ ਅਧਿਕਾਰੀ ਸ਼ਿਵ ਕੁਮਾਰ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ।

# ਯੂਨੀਵਰਸਿਟੀ ਵਿੱਚ ਲੱਗੇ ਸੂਰਜੀ ਊਰਜਾ ਪਲਾਂਟਾਂ ਵਿੱਚੋਂ ਤਾਂਬੇ ਦੀਆਂ ਤਾਰਾਂ ਚੋਰੀ

ਅੰਮ੍ਰਿਤਸਰ, 9 ਜਨਵਰੀ (ਪੋਸਟ ਬਿਊਰੋ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਵੱਖ-ਵੱਖ ਥਾਵਾਂ 'ਤੇ ਲਾਏ ਗਏ ਸੂਰਜੀ ਊਰਜਾ ਪਲਾਂਟਾਂ ਵਿੱਚੋਂ ਤਾਂਬੇ ਦੀਆਂ ਤਾਰਾਂ ਚੋਰੀ ਹੋ ਗਈਆਂ ਹਨ। ਇਸ ਸਬੰਧ ਵਿੱਚ ਪੁਲਸ ਨੇ ਦੋ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਆਯੁਰ ਪਾਵਰ ਕੰਪਨੀ ਦੇ ਸੀਨੀਅਰ ਇੰਜੀਨੀਅਰ ਹਰਮਨਪ੍ਰੀਤ ਸਿੰਘ ਨੇ ਕੈਂਟ ਥਾਣੇ ਨੂੰ ਕੀਤੀ ਸ਼ਿਕਾਇਤ ਵਿੱਚ ਕਿਹਾ ਕਿ ਉਹ ਯੂਨੀਵਰਸਿਟੀ ਵਿੱਚ ਵੱਖ-ਵੱਖ ਵਿਭਾਗਾਂ ਵਿੱਚ ਲੱਗੇ ਸੂਰਜੀ ਊਰਜਾ ਪਲਾਂਟਾਂ ਦੀ ਜਾਂਚ ਵਾਸਤੇ ਆਇਆ ਸੀ। ਇਸ ਦੌਰਾਨ ਇਲੈਕਟ੍ਰਾਨਿਕ ਵਿਭਾਗ ਵਿੱਚ ਲੱਗੇ ਇਸ ਪਲਾਂਟ ਦੀ ਜਦੋਂ ਜਾਂਚ ਕਰ ਰਿਹਾ ਸੀ ਤਾਂ ਪਲਾਂਟ ਦੀਆਂ ਲਗਭਗ 40 ਮੀਟਰ ਤਾਂਬੇ ਦੀਆਂ ਤਾਰਾਂ ਗਾਇਬ ਸਨ। ਉਸ ਨੇ ਕੈਮਿਸਟਰੀ, ਸੋਸ਼ੋਲੌਜੀ, ਬਾਇਓਟੈਕਨਾਲੋਜੀ ਅਤੇ ਲਾਇਬਰੇਰੀ ਵਿਭਾਗ ਵਿੱਚ ਲੱਗੇ ਇਨ੍ਹਾਂ ਪਲਾਂਟਾਂ ਦੀ ਜਾਂਚ ਕੀਤੀ, ਜਿਥੇ ਸਾਰੇ ਪਲਾਂਟਾਂ ਵਿੱਚੋਂ ਤਾਂਬੇ ਦੀਆਂ ਤਾਰਾਂ ਅਤੇ ਤਾਂਬੇ ਦਾ ਹੋਰ ਸਾਜ਼ੋ ਸਾਮਾਨ ਗਾਇਬ ਸੀ। ਉਸ ਨੇ ਪੁਲਸ ਕੋਲ ਦਾਅਵਾ ਕੀਤਾ ਕਿ ਇਹ ਕਿਸੇ ਭੇਤੀ ਵਿਅਕਤੀ ਦਾ ਕੰਮ ਹੈ, ਜੋ ਇਥੇ ਕੰਮ ਕਰਦਾ ਰਿਹਾ ਹੋਵੇਗਾ। ਇਸ ਕੇਸ ਵਿੱਚ ਪੁਲਸ ਨੇ ਦੋ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਲਿਆ ਹੈ। ਪੁਲਸ ਨੇ ਬਖਸ਼ੀਸ਼ ਸਿੰਘ ਅਤੇ ਬਿੱਲਾ ਨਾਂ ਦੇ ਵਿਅਕਤੀ ਨੂੰ ਨਾਮਜ਼ਦ ਕੀਤਾ ਹੈ। ਇਸ ਮਾਮਲੇ ਸਬੰਧੀ ਏ ਐਸ ਆਈ ਦਵਿੰਦਰ ਕੁਮਾਰ, ਜੋ ਕੇਸ ਦੀ ਜਾਂਚ ਕਰ ਰਿਹਾ ਹੈ, ਨੇ ਦੱਸਿਆ ਕਿ ਫਿਲਹਾਲ ਇਸ ਮਾਮਲੇ ਵਿੱਚ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ।











# ਨਾਗਰਿਕਤਾ ਸੋਧ ਬਿੱਲ ਲੋਕ ਸਭਾ ਵੱਲੋਂ ਪਾਸ

## * ਉਤਰ ਪੂਰਬੀ ਭਾਰਤ ਦੇ ਕਈ ਇਲਾਕਿਆਂ 'ਚ ਵਿਰੋਧ



ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਬੰਗਲਾ ਦੇਸ਼, ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਗੈਰ ਮੁਸਲਿਮ ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇਣ ਵਾਲੇ ਬਿੱਲ ਨੂੰ ਲੋਕ ਸਭਾ ਨੇ ਕੱਲ੍ਹ ਪਾਸ ਕਰ ਦਿੱਤਾ ਹੈ। ਇਸ ਵਿਵਾਦਤ ਨਾਗਰਿਕਤਾ ਸੋਧ ਬਿੱਲ 2019 ਦਾ ਬਚਾਅ ਕਰਦਿਆਂ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਵਿਰੋਧੀ ਧਿਰ ਨੂੰ ਦੱਸਿਆ ਕਿ ਇਹ ਬਿੱਲ ਸੰਵਿਧਾਨ ਦੀਆਂ ਵਿਵਸਥਾਵਾਂ ਖਿਲਾਫ ਨਹੀਂ ਹੈ ਤੇ ਇਸ ਨਾਲ ਤਿੰਨਾਂ ਗੁਆਂਢੀ ਦੇਸ਼ਾਂ ਦੇ ਘੱਟ-ਗਿਣਤੀ ਲੋਕਾਂ ਨੂੰ ਸਹਾਰਾ ਮਿਲੇਗਾ।

ਇਹ ਬਿੱਲ ਪਾਕਿਸਤਾਨ, ਬੰਗਲਾ ਦੇਸ਼ ਅਤੇ ਅਫਗਾਨਿਸਤਾਨ ਦੇ ਸਿੱਖ, ਹਿੰਦੂ, ਜੈਨ, ਇਸਾਈ, ਬੋਧੀ ਅਤੇ ਪਾਰਸੀ ਭਾਈਚਾਰੇ ਦੇ ਲੋਕਾਂ ਨੂੰ ਭਾਰਤ 'ਚ 12 ਸਾਲ ਦੀ ਬਜਾਏ ਛੇ ਸਾਲ ਗੁਜ਼ਾਰਨ ਤੋਂ ਬਾਅਦ ਬਿਨਾਂ ਕਿਸੇ ਦਸਤਾਵੇਜ਼ ਦੇ ਭਾਰਤੀ ਨਾਗਰਿਕਤਾ ਦੇਣ ਦੀ ਵਿਵਸਥਾ ਕਰੇਗਾ। ਉਨ੍ਹਾਂ ਕਿਹਾ ਕਿ ਅਜਿਹੇ ਲੋਕਾਂ ਕੋਲ ਰਹਿਣ ਲਈ ਭਾਰਤ ਤੋਂ ਇਲਾਵਾ ਕੋਈ ਹੋਰ ਜਗ੍ਹਾ ਨਹੀਂ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਸਮੇਤ ਕਈ ਨੇਤਾ ਗੁਆਂਢੀ ਦੇਸ਼ਾਂ ਦੇ ਰਾਜਨੀਤਕ ਸ਼ਰਨ ਪ੍ਰਾਪਤ ਘੱਟ ਗਿਣਤੀਆਂ ਨੂੰ ਨਾਗਰਿਕਤਾ ਦੇਣ ਦੇ ਹੱਕ 'ਚ ਸਨ। ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਭਾਰਤ ਦੇ ਕਈ ਨੇਤਾਵਾਂ ਨੇ ਪਾਕਿ-ਸਤਾਨ ਤੇ ਬੰਗਲਾ ਦੇਸ਼ ਦੇ ਨੇਤਾਵਾਂ ਨਾਲ ਸਮਝੌਤਾ ਕੀਤਾ ਸੀ, ਪਰ ਬਦਕਿਸਮਤੀ ਨਾਲ ਇਹ ਹੋ ਨਹੀਂ ਸਕਿਆ। ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋਂ ਬੋਲਦਿਆਂ ਉਸ ਵੇਲੇ ਦੀ ਭਾਜਪਾ ਸਰਕਾਰ ਨੂੰ ਬੰਗਲਾ ਦੇਸ਼ ਦੇ ਰਾਜਨੀਤਕ ਸ਼ਰਨ ਪ੍ਰਾਪਤ ਲੋਕਾਂ ਦੇ ਮਸਲੇ ਨਾਲ ਨਜਿੱਠਣ ਲਈ ਵਧੇਰੇ ਉਦਾਰਵਾਦੀ ਹੋਣ ਲਈ ਕਿਹਾ ਸੀ।

ਧਰਮ ਦੇ ਆਧਾਰ 'ਤੇ ਲੋਕਾਂ ਨਾਲ ਭੇਦਭਾਵ ਵਾਲੇ ਬਿੱਲ ਤੋਂ ਇਨਕਾਰ ਕਰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਜੋ ਵੀ ਵਿਅਕਤੀ ਕਾਨੂੰਨ ਦੀਆਂ ਵਿਵਸਥਾ ਅਨੁਸਾਰ ਯੋਗ ਹੋਵੇਗਾ, ਉਸ ਨੂੰ ਨਾਗਰਿਕਤਾ ਮਿਲੇਗੀ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਤੇ ਜ਼ਿਲਾ ਪ੍ਰਸ਼ਾਸਨ ਵੱਲੋਂ ਛਾਣਬੀਣ ਤੇ ਸਿਫਾਰਸ਼ ਕਰਨ ਤੋਂ ਬਾਅਦ ਹੀ ਨਾਗਰਿਕਤਾ ਮਿਲ ਸਕੇਗੀ। ਗ੍ਰਹਿ ਮੰਤਰੀ ਨੇ ਕਿਹਾ ਕਿ ਬਿੱਲ ਪੱਛਮੀ ਸਰਹੱਦ ਰਾਹੀਂ ਗੁਜਰਾਤ, ਰਾਜਸਥਾਨ, ਦਿੱਲੀ, ਮੱਧ ਪ੍ਰਦੇਸ਼ ਤੇ ਹੋਰ ਰਾਜਾਂ 'ਚ ਆਉਣ ਵਾਲੇ ਪ੍ਰਵਾਸੀਆਂ ਨੂੰ ਵੀ ਰਾਹਤ ਪ੍ਰਦਾਨ ਕਰਨ ਦੀ ਮੰਗ ਕਰੇਗਾ। ਉਨ੍ਹਾਂ ਕਿਹਾ ਕਿ ਇਹ ਬਿੱਲ ਦੇਸ਼ ਦੇ ਸਾਰੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚ ਲਾਗੂ ਹੋਵੇਗਾ ਤੇ ਨਾਗਰਿਕਤਾ ਸੋਧ ਬਿੱਲ ਦੇ ਲਾਭਪਾਤਰੀ ਦੇਸ਼ ਦੇ ਕਿਸੇ ਵੀ ਰਾਜ 'ਚ ਰਹਿਣ ਦੇ ਯੋਗ ਹੋਣਗੇ।

ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਲੋਕ ਸਭਾ ਨੂੰ ਦੱਸਿਆ ਕਿ ਆਸਾਮ ਦੇ ਛੇ ਭਾਈਚਾਰਿਆਂ ਨੂੰ ਅਨੁਸੂਚਿਤ ਕਬੀਲੇ (ਐਸ ਟੀ) ਐਲਾਨਣ ਲਈ ਇਕ ਬਿੱਲ ਸੰਸਦ 'ਚ ਜਲਦ ਪੇਸ਼ ਕੀਤਾ ਜਾਵੇਗਾ। ਨਾਗਰਿਕਤਾ ਸੋਧ ਬਿੱਲ 'ਤੇ ਬੋਲਦਿਆਂ ਗ੍ਰਹਿ ਮੰਤਰੀ ਨੇ ਕਿਹਾ ਕਿ ਕੇਂਦਰੀ ਕੈਬਨਿਟ ਨੇ ਇਸ ਸਬੰਧੀ ਪ੍ਰਸਤਾਵ ਮਨਜ਼ੂਰ ਕਰ ਲਿਆ ਹੈ ਤੇ ਇਸ ਸਬੰਧੀ ਬਿੱਲ ਜਲਦ ਲਿਆਂਦਾ ਜਾਵੇਗਾ। ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਨੇ ਬਿੱਲ 'ਤੇ ਇਤਰਾਜ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਰਾਜਾਂ ਨੇ ਬਿੱਲ ਦਾ ਵਿਰੋਧ ਕੀਤਾ ਹੈ ਤੇ ਇਸ ਨੂੰ ਚੋਣ ਕਮੇਟੀ ਕੋਲ ਭੇਜਿਆ ਜਾਣਾ ਚਾਹੀਦਾ ਹੈ। ਹਾਲਾਂਕਿ ਸਰਕਾਰ ਨੇ ਇਸ 'ਤੇ ਬਹੁਤੀ ਤਵੱਜੋ ਨਹੀਂ ਦਿੱਤੀ ਤੇ ਕਾਂਗਰਸ ਨੇ ਬਿੱਲ ਦੇ ਵਿਰੋਧ 'ਚ ਵਾਕਆਊਟ ਕੀਤਾ। ਟੀ ਐਮ ਸੀ ਦੇ ਸੰਸਜ ਮੈਂਬਰ ਸੌਗਾਤਾ ਰਾਓ ਨੇ ਬਿੱਲ ਨੂੰ ਵੰਡ ਪਾਊ ਤੇ ਅੱਤਿਆਚਾਰੀ ਦੱਸਦਿਆਂ ਕਿਹਾ ਕਿ ਇਹ ਸੰਵਿਧਾਨ ਦੇ ਮੂਲ ਸਿਧਾਂਤਾਂ ਖਿਲਾਫ ਹੈ। ਇਸ ਤੋਂ ਇਲਾਵਾ ਆਰ ਜੇ ਡੀ, ਏ ਆਈ ਐਮ ਆਈ ਐਮ, ਬੀ ਜੇ ਡੀ, ਸ਼ਿਵ ਸੈਨਾ, ਸੀ ਪੀ ਆਈ (ਐਮ) ਸਮੇਤ ਹੋਰ ਪਾਰਟੀਆਂ ਨੇ ਵੀ ਵਿਰੋਧ ਕੀਤਾ। ਉਤਰ ਪੂਰਬੀ ਭਾਰਤ ਦੇ ਕਈ ਇਲਾਕਿਆਂ 'ਚ ਇਸ ਬਿੱਲ ਦੇ ਪਾਸ ਹੋਣ ਦਾ ਵਿਰੋਧ ਕੀਤਾ ਗਿਆ। ਗੁਹਾਟੀ ਅਤੇ ਤ੍ਰਿਪੁਰਾ 'ਚ ਕਈ ਥਾਈਂ ਹਿੰਸਕ ਘਟਨਾਵਾਂ ਵੀ ਵਾਪਰੀਆਂ।

# ਸੈਸ ਵਸੂਲਿਆ, ਪਰ ਪਬਲਿਕ ਅਕਾਊਂਟ ਵਿੱਚ ਨਹੀਂ ਪਾਇਆ

ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਨੇ 'ਖੇਤੀਬਾੜੀ ਕਲਿਆਣ ਸੈਸ' ਅਤੇ 'ਸਵੱਛ ਭਾਰਤ ਸੈਸ' ਵਰਗੇ ਵੱਖ-ਵੱਖ ਸੈਸ ਲਗਾ ਕੇ ਜਨਤਾ ਤੋਂ ਭਾਰੀ ਰਕਮ ਵਸੂਲ ਕਰ ਲਈ, ਪਰ ਇਸ ਰਾਸ਼ੀ ਦੀ ਵਰਤੋਂ ਉਨ੍ਹਾਂ ਉਦੇਸ਼ਾਂ ਲਈ ਨਹੀਂ ਕੀਤੀ ਗਈ, ਜਿਸ ਲਈ ਇਹ ਸੈਸ ਲਗਾਏ ਗਏ ਸਨ।

ਕੈਗ ਨੇ ਆਪਣੀ ਤਾਜ਼ਾ ਆਡਿਟ ਰਿਪੋਰਟ 'ਚ ਇਸ ਬਾਰੇ ਅਹਿਮ ਖੁਲਾਸਾ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਵਿੱਤੀ ਵਰ੍ਹੇ 2016-17 'ਚ ਸਰਕਾਰ ਨੇ ਸੈਸ ਦੇ ਰੂਪ 'ਚ ਇਕੱਠੀ ਕੀਤੀ ਗਈ ਕੁੱਲ ਰਾਸ਼ੀ 'ਚੋਂ 31,155 ਕਰੋੜ ਰੁਪਏ 'ਪਬਲਿਕ ਅਕਾਊਂਟ' 'ਚ ਬਣਾਏ ਗਏ ਵਿਸ਼ੇਸ਼ ਫੰਡਾਂ 'ਚ ਟਰਾਂਸਫਰ ਨਹੀਂ ਕੀਤੀ, ਜਿਸ ਨਾਲ ਇਹ ਰਾਸ਼ੀ ਨਿਰਧਾਰਿਤ ਉਦੇਸ਼ ਲਈ ਸਮੇਂ 'ਤੇ ਖਰਚ ਨਹੀਂ ਹੋ ਸਕੀ। ਇਸ ਦੇ ਉਲਟ ਸਰਕਾਰ ਨੇ ਇਸ ਰਾਸ਼ੀ ਨੂੰ ਜਮ੍ਹਾਂ ਰਾਸ਼ੀ 'ਚ ਪਾ ਕੇ ਰੱਖਿਆ। 'ਰਾਜ ਕੋਸ਼ੀਯ ਉਤਰਦਾਇਤਵ ਤੇ ਬਜਟੀਯ ਪ੍ਰਬੰਧਨ ਕਾਨੂੰਨ, 2004' ਉਤੇ ਕੈਗ ਨੇ ਆਪਣੀ ਆਡਿਟ ਰਿਪੋਰਟ ਵਿੱਚ ਕਿਹਾ ਹੈ ਕਿ ਵਿੱਤੀ ਸਾਲ 2016-17 ਵਿੱਚ ਸਰਕਾਰ ਨੇ ਅੱਠ ਸੈਸ ਦੇ ਰੂਪ 'ਚ ਕੁੱਲ 73,264 ਕਰੋੜ ਰੁਪਏ ਸੈਸ ਵਸੂਲਿਆ, ਪਰ ਇਸ 'ਚੋਂ ਸਿਰਫ 42,108 ਕਰੋੜ ਰੁਪਏ ਹੀ ਪਬਲਿਕ ਅਕਾਊਂਟ 'ਚ ਬਣੇ ਹੋਏ ਵਿਸ਼ੇਸ਼ ਫੰਡਾਂ 'ਚ ਟਰਾਂਸਫਰ ਕੀਤੇ ਗਏ, ਜਦ ਕਿ 31,155 ਕਰੋੜ ਰੁਪਏ ਜਮ੍ਹਾਂ ਰਾਸ਼ੀ 'ਚ ਹੀ ਪਾ ਕੇ ਰੱਖੇ। ਇਹੀ ਨਹੀਂ ਸਰਕਾਰ ਨੇ ਸੈਸ ਦੀ ਇਸ ਰਾਸ਼ੀ ਬਾਰੇ ਸਾਲਾਨਾ ਲੇਖਾ ਜਾਂ ਬਜਟ ਦਸਤਾਵੇਜ਼ਾਂ 'ਚ ਵੀ ਕੋਈ ਖੁਲਾਸਾ ਨਹੀਂ ਕੀਤਾ। ਇਸੇ ਤਰ੍ਹਾਂ ਸਰਕਾਰ ਨੇ ਇਹ ਵੀ ਖੁਲਾਸਾ ਨਹੀਂ ਕੀਤਾ ਕਿ ਜਿਸ ਉਦੇਸ਼ ਲਈ ਸੈਸ ਵਸੂਲਿਆ ਗਿਆ ਉਸ ਲਈ ਇਸ ਦੀ ਵਰਤੋਂ ਹੋਈ ਜਾਂ ਨਹੀਂ ਤੇ ਕਿੰਨੀ ਰਾਸ਼ੀ ਬਕਾਇਆ ਰਹਿ ਗਈ। ਕੈਗ ਦੇ ਅਨੁਸਾਰ ਵਿੱਤੀ ਵਰ੍ਹੇ 2016-17 'ਚ ਸਰਕਾਰ ਨੇ ਸਵੱਛ ਭਾਰਤ ਫੰਡ ਦੇ ਰੂਪ 'ਚ 12,475 ਕਰੋੜ ਰੁਪਏ ਵਸੂਲੇ, ਪਰ ਇਸ ਦੇ ਖਜ਼ਾਨੇ 'ਚ ਸਿਰਫ 10 ਹਜ਼ਾਰ ਕਰੋੜ ਰੁਪਏ ਹੀ ਟਰਾਂਸਫਰ ਕੀਤੇ। ਇਸੇ ਤਰ੍ਹਾਂ ਖੇਤੀਬਾੜੀ ਕਲਿਆਣ ਸੈਸ ਦੀ ਵੀ ਅੱਧੀ ਤੋਂ ਵੱਧ ਰਾਸ਼ੀ ਉਸ ਦੇ ਖਜ਼ਾਨੇ 'ਚ ਟਰਾਂਸਫਰ ਨਹੀਂ ਕੀਤੀ ਗਈ। ਵਿੱਤੀ ਵਰ੍ਹੇ 2016-17 ਵਿੱਚ ਸਰਕਾਰ ਨੇ ਖੇਤੀਬਾੜੀ ਕਲਿਆਣ ਸੈਸ ਦੇ ਰੂਪ 'ਚ 8379 ਕਰੋੜ ਰੁਪਏ ਜੁਟਾਏ, ਜਿਸ 'ਚੋਂ ਸਿਰਫ 3596 ਕਰੋੜ ਰੁਪਏ ਹੀ ਇਸ ਦੇ ਖਜ਼ਾਨੇ 'ਚ ਟਰਾਂਸਫਰ ਕੀਤੇ। ਇਸੇ ਤਰ੍ਹਾਂ ਮਾਧਮਿਕ ਤੇ ਉਚ ਸਿੱਖਿਆ ਸੈਸ ਦੇ ਮਾਧਿਅਮ ਤੋਂ 1941 ਕਰੋੜ ਰੁਪਏ ਵਸੂਲਣ ਦੇ ਬਾਵਜੂਦ ਇਕ ਰੁਪਇਆ ਵੀ ਪਬਲਿਕ ਅਕਾਊਂਟ 'ਚ ਬਣੇ ਇਸ ਦੇ ਫੰਡ 'ਚ ਟਰਾਂਸਫਰ ਨਹੀਂ ਕੀਤਾ ਗਿਆ। ਸਵੱਛ ਵਾਤਾਵਰਨ ਸੈਸ ਤੋਂ ਵਸੂਲ ਕੀਤੀ ਗਈ 26117 ਕਰੋੜ ਰੁਪਏ ਰਾਸ਼ੀ 'ਚੋਂ 6436 ਕਰੋੜ ਰੁਪਏ ਹੀ ਸਰਕਾਰ ਨੇ ਟਰਾਂਸਫਰ ਕੀਤੀ, ਜਦ ਕਿ 19681 ਕਰੋੜ ਰੁਪਏ ਅਜਿਹੇ ਹੀ ਪਏ ਰਹੇ।

## ਗੁਜਰਾਤ ਦੇ ਸੀਨੀਅਰ ਭਾਜਪਾ ਨੇਤਾ ਦੀ ਗੋਲੀ ਮਾਰ ਕੇ ਹੱਤਿਆ

ਅਹਿਮਦਾਬਾਦ, 9 ਜਨਵਰੀ (ਪੋਸਟ ਬਿਊਰੋ)- ਭਾਜਪਾ ਦੇ ਸੀਨੀਅਰ ਨੇਤਾ ਅਤੇ ਸਾਬਕਾ ਵਿਧਾਇਕ ਜਯੰਤੀ ਲਾਲ ਭਾਨੂਸ਼ਾਲੀ ਦੀ ਸੋਮਵਾਰ ਦੇਰ ਰਾਤ ਅਣਪਛਾਤੇ ਹਮਲਾਵਰਾਂ ਨੇ ਚਲਦੀ ਟਰੇਨ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਘਟਨਾ ਰਾਤ ਕਰੀਬ ਦੋ ਵਜੇ ਭੁਜ-ਦਾਦਰ ਐਕਸਪ੍ਰੈਸ ਟਰੇਨ ਵਿੱਚ ਹੋਈ, ਜਦ ਭਾਨੂਸ਼ਾਲੀ (53) ਕੱਛ ਜ਼ਿਲ੍ਹੇ ਦੇ ਭੁਜ ਤੋਂ ਅਹਿਮਦਾਬਾਦ ਪਰਤ ਰਹੇ ਸਨ। ਭਾਨੂਸ਼ਾਲੀ ਨੇ ਪਿਛਲੇ ਸਾਲ ਜੁਲਾਈ ਵਿੱਚ ਬਲਾਤਕਾਰ ਦੇ ਦੋਸ਼ ਲੱਗਣ ਦੇ ਬਾਅਦ ਗੁਜਰਾਤ ਭਾਜਪਾ ਦੇ ਉਪ ਪ੍ਰਧਾਨ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਗੁਜਰਾਤ ਹਾਈ ਕੋਰਟ ਨੇ ਅਗਸਤ 2018 ਵਿੱਚ ਮਹਿਲਾ ਦੇ ਸ਼ਿਕਾਇਤ ਵਾਪਸ ਲੈਣ ਦੇ ਬਾਅਦ ਕੇਸ ਦਰਜ ਕਰ ਦਿੱਤਾ ਸੀ। ਮੋਰਬੀ ਜ਼ਿਲ੍ਹੇ ਦੇ ਪੁਲਸ ਸੁਪਰਡੈਂਟ ਕਨਰਾਜ ਵਘੇਲਾ ਨੇ ਕਿਹਾ ਕਿ ਉਨ੍ਹਾਂ ਨੂੰ ਕੱਛ ਜ਼ਿਲ੍ਹੇ ਨੇੜੇ ਗਾਂਧੀ ਧਾਮ ਅਤੇ ਸੂਰਜਬਾੜੀ ਸਟੇਸ਼ਨ ਦੇ ਵਿੱਚ ਗੋਲੀ ਮਾਰੀ ਗਈ।

## ਵਿਧਾਇਕ ਬਲਕੌਰ ਸਿੰਘ ਨੇ ਅਕਾਲੀ ਦਲ ਛੱਡਣ ਦੀਆਂ ਖਬਰਾਂ ਰੱਦ ਕੀਤੀਆਂ

ਕਾਲਾਂਵਾਲੀ, 9 ਜਨਵਰੀ (ਪੋਸਟ ਬਿਊਰੋ)- ਹਰਿਆਣਾ ਦੇ ਹਲਕਾ ਕਾਲਾਂਵਾਲੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਬਲਕੌਰ ਸਿੰਘ ਨੇ ਕੱਲ੍ਹ ਏਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਅਕਾਲੀ ਦਲ ਤੋਂ ਅਸਤੀਫਾ ਨਹੀਂ ਦਿੱਤਾ। ਉਹ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਹਨ ਅਤੇ ਭਵਿੱਖ ਵਿੱਚ ਵੀ ਬਣੇ ਰਹਿਣ-ਗੇ। ਬਲਕੌਰ ਸਿੰਘ ਨੇ ਸਪੱਸ਼ਟ ਕੀਤਾ ਕਿ ਉਹ ਪਿਛਲੀ ਚੋਣ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਟਿਕਟ 'ਤੇ ਲੜੇ ਸਨ ਅਤੇ ਉਸ ਸਮੇਂ ਇੰਡੀਅਨ ਨੈਸ਼ਨਲ ਲੋਕ ਦਲ ਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਗੱਠਜੋੜ ਕੀਤਾ ਸੀ, ਪਰ ਹੁਣ ਇਨੈਲੋ ਦੋਫਾੜ ਹੋ ਗਈ ਹੈ ਅਤੇ ਇਸ ਵਿੱਚੋਂ ਇਕ ਨਵੀਂ ਪਾਰਟੀ ਜਨਨਾਇਕ ਜਨਤਾ ਪਾਰਟੀ ਹੋਂਦ ਵਿੱਚ ਆਈ ਹੈ। ਇਸ ਪਾਰਟੀ ਦੇ ਬਾਨੀ ਡਾ. ਅਜੈ ਸਿੰਘ ਚੌਟਾਲਾ ਬੀਤੇ ਦਿਨੀਂ ਉਨ੍ਹਾਂ ਦੇ ਘਰ ਆਏ ਅਤੇ ਉਨ੍ਹਾਂ ਆਪਣੀ ਪਾਰਟੀ ਲਈ ਸਮਰਥਨ ਮੰਗਿਆ ਸੀ, ਜੋ ਉਨ੍ਹਾਂ ਨੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਹ ਸਮਰਥਕ ਹਨ ਅਤੇ ਰਹਿਣਗੇ। ਉਨ੍ਹਾਂ ਕਿਹਾ ਕਿ ਹਾਲੇ ਤੱਕ ਜਨਨਾਇਕ ਜਨਤਾ ਪਾਰਟੀ ਦੀ ਰਜਿਸਟਰੇਸ਼ਨ ਵੀ ਨਹੀਂ ਹੋਈ, ਜਿਸ ਕਰਕੇ ਇਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ।

## ਸਰਕਾਰ ਨੇ ਢਾਈ ਸਾਲ ਬਾਅਦ ਕੁਲਦੀਪ ਨੂੰ ਪਹਿਲਵਾਨ ਸਾਕਸ਼ੀ ਦਾ ਕੋਚ ਮੰਨਿਆ

ਸੋਨੀਪਤ, 9 ਜਨਵਰੀ (ਪੋਸਟ ਬਿਊਰੋ)- ਰਿਓ ਓਲੰਪਿਕ ਵਿੱਚ ਦੇਸ਼ ਨੂੰ ਪਹਿਲਾ ਮੈਡਲ ਦਿਵਾਉਣ ਵਾਲੀ ਪਹਿਲਵਾਨ ਸਾਕਸ਼ੀ ਮਲਿਕ ਨੂੰ ਸਰਕਾਰ ਨੇ ਭਾਵੇਂ ਢਾਈ ਸਾਲ ਪਹਿਲਾਂ ਸਨਮਾਨ ਦੇ ਦਿੱਤਾ ਹੋਵੇ।, ਪਰ ਸਾਕਸ਼ੀ ਦੇ ਕੋਚ ਕੁਲਦੀਪ ਮਲਿਕ ਨੂੰ ਢਾਈ ਸਾਲ ਤੱਕ ਸਨਮਾਨ ਦਾ ਇੰਤਜ਼ਾਰ ਕਰਨਾ ਪਿਆ। ਸਰਕਾਰ ਨੇ ਚੁਣਾਵੀ ਸਾਲ ਵਿੱਚ ਕੁਲਦੀਪ ਨੂੰ ਸਾਕਸ਼ੀ ਦਾ ਕੋਚ ਮੰਨ ਕੇ ਦਸ ਲੱਖ ਰੁਪਏ ਦਾ ਇਨਾਮ ਦਿੱਤਾ ਹੈ, ਜਦ ਕਿ ਕੁਲਦੀਪ ਮਲਿਕ ਨੂੰ ਸਰਕਾਰ ਨੇ ਰਿਓ ਓਲੰਪਿਕ ਤੋਂ ਅਗਸਤ 2016 ਵਿੱਚ ਆਉਂਦੇ ਹੀ ਡਮੀ ਚੈਕ ਦੇ ਦਿੱਤਾ ਸੀ, ਪਰ ਇਨਾਮ ਦੇ ਦਸ ਲੱਖ ਰੁਪਏ ਨਹੀਂ ਸੀ ਦਿੱਤੇ। ਇਹ ਦਸ ਲੱਖ ਰੁਪਏ ਹੁਣ ਕੁਲਦੀਪ ਮਲਿਕ ਨੂੰ ਦਿੱਤੇ ਗਏ ਹਨ। ਸਾਕਸ਼ੀ ਮਲਿਕ ਦੇ ਰਿਓ ਓਲੰਪਿਕ ਵਿੱਚ ਮੈਡਲ ਜਿੱਤ ਕੇ ਵਾਪਸ ਆਉਣ 'ਤੇ ਬਹਾਦੁਰਗੜ੍ਹ ਵਿੱਚ ਸਨਮਾਨ ਸਮਾਰੋਹ ਰੱਖਿਆ ਗਿਆ ਸੀ।

## ਵਟਸਐਪ ਉੱਤੇ ਭਾਰਤ ਵਿਚਲੇ ਗਰੁੱਪ ਵੀ ਫੈਲਾਈ ਜਾ ਰਹੇ ਨੇ ਚਾਈਲਡ ਪੋਰਨੋਗਰਾਫੀ



ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਵਟਸਐਪ ਉਤੇ ਨਾ ਸਿਰਫ ਫੇਕ ਨਿਊਜ਼ ਤੇ ਅਫਵਾਹਾਂ ਤੇਜ਼ੀ ਨਾਲ ਫੈਲਾਈਆਂ ਜਾ ਰਹੀਆਂ ਹਨ ਸਗੋਂ ਚਾਈਲਡ ਪੋਰਨੋਗਰਾਫੀ ਵੀ ਇੱਕ ਵੱਡੀ ਸਮੱਸਿਆ ਬਣ ਕੇ ਉਭਰੀ ਹੈ। ਅਜੇ ਹਾਲ ਹੀ ਵਿੱਚ ਇਸਰਾਈਲੀ ਆਨਲਾਈਨ ਸੈਫਟੀ ਸਟਰਾਟਅਪ ਐਂਟੀਟਾਕਸਿਨ ਨੇ ਖੁਲਾਸਾ ਕੀਤਾ ਹੈ ਕਿ ਦੁਨੀਆ ਭਰ 'ਚ ਵਟਸਐਪ 'ਤੇ ਸੈਂਕੜੇ ਚਾਈਲਡ ਪੋਰਨੋਗਰਾਫੀ ਨਾਲ ਜੁੜੇ ਗਰੁੱਪ ਹਨ। ਇਨ੍ਹਾਂ ਗਰੁੱਪਾਂ 'ਚ ਧੜੱਲੇ ਨਾਲ ਚਾਈਲਡ ਪੋਰਨੋਗਰਾਫੀ ਸ਼ੇਅਰ ਕੀਤੀਆਂ ਜਾ ਰਹੀਆਂ ਹਨ।

ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਗਰੁੱਪਾਂ ਦਾ ਨਾਂਅ ਵੀ ਚਾਈਲਡ ਪੋਰਨੋਗਰਾਫੀ ਨਾਲ ਜੁੜਿਆ ਹੁੰਦਾ ਹੈ। ਚਾਈਲਡ ਪੋਰਨੋਗਰਾਫੀ ਨਾਲ ਜੁੜੇ ਵਟਐਪ ਗਰੁੱਪ ਭਾਰਤ 'ਚ ਐਕਟਿਵ ਹਨ। ਜ਼ਿਕਰਯੋਗ ਹੈ ਕਿ ਚਾਈਲਡ ਪੋਰਨੋਗਰਾਫੀ ਨਾਜਾਇਜ਼ ਹੈ। ਇਸ ਦੀ ਉਲੰਘਣਾ ਕਰਨ 'ਤੇ ਸਖਤ ਸਜ਼ਾ ਤੇ ਜੁਰਮਾਨਾ ਦੋਵੇਂ ਹੋ ਸਕਦੇ ਹਨ। ਸੂਚਨਾ ਟੈਕਨਾਲੋਜੀ ਦੀ ਇੱਕ ਰਿਪੋਰਟ ਮੁਤਾ-ਬਕ ਇਸਰਾਈਲ ਦੀ ਆਨਲਾਈਨ ਸੇਫਟੀ ਸਟਾਰਅਪ ਐਂਟੀਟਾਕਸਿਨ ਦੇ ਚੀਫ ਮਾਰਕੀਟਿੰਗ ਅਫਸਰ ਨੇ ਕਿਹਾ ਹੈ ਕਿ ਅਸੀਂ ਇਹ ਵੀ ਦੇਖਿਆ ਹੈ ਕਿ ਭਾਰਤੀ ਯੂਜ਼ਰਸ ਅਤੇ ਗਰੁੱਪ ਵੀ ਚਾਈਲਡ ਪੋਰਨੋਗਰਾਫੀ ਸ਼ੇਅਰ ਕਰ ਰਹੇ ਹਨ। ਮੇਰੇ ਕੋਲ ਉਹ ਖਾਸ ਨੰਬਰ ਨਹੀਂ ਹਨ, ਪਰ ਵਟਸਐਪ ਗਰੁੱਪ ਵੱਡੀ ਗਿਣਤੀ ਵਿੱਚ +91 ਨੰਬਰ ਹਨ, ਜੋ ਭਾਰਤ ਦਾ ਕੋਡ ਹੈ। ਦਿ ਨਿਊਜ਼ ਮਿੰਟ ਦੀ ਇੱਕ ਰਿਪੋਰਟ 'ਚ ਦਿ ਸਾਈਬਰ ਬਲਾਗ ਪ੍ਰੋਜੈਕਟ ਦੇ ਮੈਨੇਜਰ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਭਾਰਤ ਵਿੱਚ ਅਜਿਹੇ ਗਰੁੱਪ ਹਨ, ਜਿਨ੍ਹਾਂ ਦੇ ਨਾਂਅ ਚਾਈਲਡ ਪੋਰਨੋਗਰਾਫੀ ਨਾਲ ਜੁੜੇ ਹਨ। ਉਨ੍ਹਾਂ ਨੇ ਅਨਲਿਮਟਿਡ ਵਟਸਐਪ ਗਰੁੱਪ ਦਾ ਨਾਂਅ ਐਪ ਡਾਊਨਲਾਊਡ ਕੀਤਾ ਹੈ ਅਤੇ ਇਸ ਨੂੰ ਚੈਕ ਕੀਤਾ ਹੈ। ਉਨ੍ਹਾਂ ਦੇਖਿਆ ਕਿ ਇਥੇ ਸਿਰਫ ਚਾਈਲਡ ਲਿਖਣ ਨਾਲ ਸਜੈਸਟਿਵ ਫਰੇਜ਼ ਦੇ ਤੌਰ 'ਤੇ ਚਾਈਲਡ ਪੋਰਨੋਗਰਾਫੀ ਦੇ ਨਾਲ ਜੁੜੇ ਗਰੁੱਪ ਨਜ਼ਰ ਆਏ। ਉਨ੍ਹਾਂ ਕਿਹਾ ਕਿ ਇਨ੍ਹਾਂ ਗਰੁੱਪਾਂ ਵਿੱਚੋਂ ਜ਼ਿਆਦਾਤਰ ਭਰੇ ਹੋਏ ਹਨ ਤੇ ਇਨ੍ਹਾਂ ਵਿੱਚ ਕੋਈ ਐਕਸਟਰਾ ਐਡ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਗਰੁੱਪਾਂ ਵਿੱਚ ਸਾਫ ਤੌਰ 'ਤੇ ਲਿਖਿਆ ਹੈ ਕਿ ਉਹ ਕਿਸ ਲਈ ਹਨ ਅਤੇ ਉਨ੍ਹਾਂ ਦਾ ਮਕਸਦ ਕੀ ਹੈ। ਪ੍ਰੋਫਾਈਲ ਫੋਟੋ, ਨਾਂਅ, ਐਂਟਰੀ ਹਰ ਜਗ੍ਹਾ ਚਾਈਲਡ ਪੋਰਨੋਗਰਾਫੀ ਬਾਰੇ ਲਿਖਿਆ ਹੈ। ਰਿਪੋਰਟ ਮੁਤਾਬਕ ਇਨ੍ਹਾਂ ਗਰੁੱਪਾਂ ਵਿੱਚੋਂ ਕਈਆਂ ਦੇ ਐਡਮਿਨ ਦਾ ਨੰਬਰ ਅਮਰੀਕਾ ਦਾ ਹੈ, ਜਦ ਕਿ ਉਨ੍ਹਾਂ ਦੀ ਡਿਟੇਲ ਹਿੰਦੀ ਵਿੱਚ ਲਿਖੀ ਹੈ ਅਤੇ ਇਨ੍ਹਾਂ ਗਰੁੱਪਾਂ ਦੇ ਜ਼ਿਆਦਾਤਰ ਮੈਂਬਰ ਭਾਰਤੀ ਹਨ। ਵਟਸਐਪ ਨੇ ਕਈ ਵਾਰ ਦਾਅਵਾ ਕੀਤਾ ਹੈ ਕਿ ਕੰਪਨੀ ਇਸ ਤਰ੍ਹਾਂ ਦੇ ਨਾਜਾਇਜ਼ ਗਰੁੱਪ ਨੂੰ ਮਸ਼ੀਨ ਲਰਨਿੰਗ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਹਟਾਉਣ ਦਾ ਕੰਮ ਕਰਦੀ ਹੈ, ਪਰ ਜੇ ਇਸ ਰਿਪੋਰਟ ਵਿੱਚ ਸੱਚਾਈ ਹੈ ਤਾਂ ਇਹ ਵਟਸਐਪ ਲਈ ਚਿਤਾਵਨੀ ਹੈ।

## ਕੇ ਜੀ ਪੀ ਐਕਸਪ੍ਰੈਸਵੇਅ ਉੱਤੇ ਚਾਰ ਨੌਜਵਾਨਾਂ ਨੂੰ ਟਰਾਲੇ ਦੀ ਟੱਕਰ, ਸਾਰਿਆਂ ਦੀ ਮੌਤ




ਫਰੀਦਾਬਾਦ, 9 ਜਨਵਰੀ (ਪੋਸਟ ਬਿਊਰੋ)- ਕੁੰਡਲੀ-ਗਾਜੀਆਬਾਦ-ਪਲਵਲ (ਕੇ ਜੀ ਪੀ) ਐਕਸਪ੍ਰੈਸਵੇਅ ਉਤੇ ਸੋਮਵਾਰ ਦੇਰ ਰਾਤ ਸੜਕ ਹਾਦਸੇ ਵਿੱਚ ਚਾਰ ਜਣਿਆਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ ਤਿੰਨ ਨੂੰਹ ਮੇਵਾਤ ਅਤੇ ਇੱਕ ਯੂ ਪੀ ਦੇ ਏਟਾ ਜ਼ਿਲ੍ਹੇ ਦਾ ਰਹਿਣ ਵਾਲਾ ਹੈ।

ਕੈਂਟਰ ਪੰਕਚਰ ਹੋਣ ਦੇ ਬਾਅਦ ਸੜਕ ਕਿਨਾਰੇ ਚਾਰੇ ਨੌਜਵਾਨਾ ਟਾਇਰ ਬਦਲ ਰਹੇ ਸਨ। ਤਦ ਪਿੱਛਿਓਂ ਆਏ ਟਰਾਲੇ ਨੇ ਟੱਕਰ ਮਾਰ ਦਿੱਤੀ। ਇਸ ਘਟਨਾ ਵਿੱਚ ਅੱਧਾ ਦਰਜਨ ਤੋਂ ਵੱਧ ਭੇਡ-ਬੱਕਰੀਆਂ ਵੀ ਮਰ ਗਈਆਂ। ਮਰਨ ਵਾਲਿਆਂ ਚਾਰੇ ਪਸ਼ੂ ਵਪਾਰੀ ਸਨ। ਥਾਣਾ ਛਿਆਂਸਾ ਪੁਲਸ ਨੇ ਟੈਂਕਰ ਚਾਲਕ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਨੂੰਹ ਮੇਵਾਤ ਦੇ ਪਿੰਡ ਭਾਕਡੌਜੀ ਜੋਧੜਿਆਨਵਾਸ ਦੇ ਵਸਨੀਕ ਮੌਸਿਸ, ਤਾਲਿਮ, ਪੂਰਨ ਅਤੇ ਯੂ ਪੀ ਦੇ ਏਟਾ ਜ਼ਿਲ੍ਹਾ ਵਾਸੀ ਨਈਮ ਪਸ਼ੂਆਂ ਦੀ ਖਰੀਦ-ਫਰੋਖਤ ਦਾ ਵਪਾਰ ਕਰਦੇ ਸਨ। ਪਰਵਾਰ ਅਨੁਸਾਰ ਸੋਮਵਾਰ ਨੂੰ ਚਾਰੋਂ ਰਾਜਸਥਾਨ ਤੋਂ ਭੇਡ-ਬੱਕਰੀਆਂ ਖਰੀਦ ਕੇ ਉਨ੍ਹਾਂ ਕੈਂਟਰ ਵਿੱਚ ਲਦ ਕੇ ਦਿੱਲੀ ਦੀ ਗਾਜੀਪੁਰ ਮੰਡੀ ਵੇਚਣ ਲਈ ਜਾ ਰਹੇ ਸਨ। ਇਸੇ ਦੌਰਾਨ ਕੇ ਜੀ ਪੀ 'ਤੇ ਪਿੰਡ ਫੱਜੂਪੁਰ ਖਾਦਰ ਦੇ ਨੇੜੇ ਰਾਤ ਕਰੀਬ ਸਾਢੇ ਗਿਆਰ੍ਹਾਂ ਵਜੇ ਕੈਂਟਰ ਦਾ ਟਾਇਰ ਪੰਕਚਰ ਹੋ ਗਿਆ। ਮੌਸਿਮ, ਤਾਲਿਮ, ਪੂਰਨ ਅਤੇ ਨਈਮ ਟਾਇਰ ਬਦਲਣ ਲੱਗੇ। ਇਸੇ ਦੌਰਾਨ ਪਿੱਛਿਉਂ ਆਏ ਟਰਾਲੇ ਨੇ ਕੈਂਟਰ ਨੂੰ ਟੱਕਰ ਮਾਰਦੇ ਹੋਏ ਚਾਰਾਂ ਨੂੰ ਕੁਚਲ ਦਿੱਤਾ। ਇਸ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

◆ Insurance ◆
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES:
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

## ਗੀਤਾ ਗੋਪੀਨਾਥ ਨੇ ਆਈ ਐਮ ਐਫ ਦੀ ਪਹਿਲੀ ਮਹਿਲਾ ਵਜੋਂ ਵੱਡਾ ਅਹੁਦਾ ਸੰਭਾਲਿਆ



ਵਾਸ਼ਿੰਗਟਨ, 9 ਜਨਵਰੀ (ਪੋਸਟ ਬਿਊਰੋ)- ਗੀਤਾ ਗੋਪੀਨਾਥ ਨੇ ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ ਐਮ ਐਫ) ਦੀ ਮੁੱਖ ਅਰਥਸ਼ਾਸਤਰੀ ਦਾ ਅਹੁਦਾ ਸੰਭਾਲ ਲਿਆ। ਉਹ ਇਹ ਜ਼ਿੰਮੇਵਾਰੀ ਸੰਭਾਲਣ ਵਾਲੀ ਪਹਿਲੀ ਔਰਤ ਹੈ। ਮੈਸੂਰ (ਭਾਰਤ) 'ਚ ਜਨਮੀ ਗੀਤਾ ਗੋਪੀਨਾਥ ਨੇ ਪਿਛਲੇ ਹਫਤੇ ਆਪਣਾ ਇਹ ਨਵਾਂ ਕਾਰਜਭਾਰ ਸੰਭਾਲਿਆ। ਉਨ੍ਹਾਂ ਨੂੰ ਅਜਿਹੇ ਸਮੇਂ ਇਸ ਬਹੁ ਪੱਖੀ ਵਿੱਤੀ ਸੰਗਠਨ ਦੇ ਮੁੱਖ ਆਰਥਿਕ ਸਲਾਹਕਾਰ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ, ਜਦ ਇਹ ਅਨੁਭਵ ਕੀਤਾ ਜਾ ਰਿਹਾ ਹੈ ਕਿ ਆਰਥਿਕ ਕੌਮਾਂਤਰੀਕਰਨ ਦੀ ਗੱਡੀ ਉਲਟੀ ਦਿਸ਼ਾ 'ਚ ਮੁੜ ਰਹੀ ਹੈ ਅਤੇ ਉਸ ਨਾਲ ਬਹੁ ਪੱਖੀ ਸੰਸਥਾਵਾਂ ਦੇ ਸਾਹਮਣੇ ਵੀ ਚੁਣੌਤੀਆਂ ਖੜੀਆਂ ਹੋ ਰਹੀਆਂ ਹਨ।

ਗੀਤਾ ਗੋਪੀਨਾਥ (47) ਹਾਰਵਰਡ ਯੂਨੀਵਰਸਿਟੀ 'ਚ ਅਰਥ ਸ਼ਾਸਤਰ ਪੜ੍ਹਾਉਂਦੀ ਰਹੀ ਹੈ। ਉਹ ਮੁਦਰਾ ਕੋਸ਼ 'ਚ ਮੌਰਿਸ ਆਬਸਟਫੇਲਡ ਦੀ ਜਗ੍ਹਾ ਲਿਆਂਦੀ ਗਈ ਹੈ, ਜੋ 31 ਦਸੰਬਰ ਨੂੰ ਸੇਵਾ ਮੁਕਤ ਹੋਏ ਸਨ। ਉਹ ਮੁਦਰਾ ਕੋਸ਼ ਦੀ ਆਰਥਿਕ ਸਲਾਹਕਾਰ ਅਤੇ ਇਸ ਦੇ ਖੋਜ ਵਿਭਾਗ ਦੀ ਨਿਰਦੇਸ਼ਕਾ ਬਣਾਈ ਗਈ ਹੈ। ਉਨ੍ਹਾਂ ਦੀ ਨਿਯੁਕਤੀ ਦਾ ਐਲਾਨ ਪਿਛਲੀ ਇਕ ਅਕਤੂਬਰ ਨੂੰ ਕੀਤਾ ਗਿਆ ਸੀ। ਮੁਦਰਾ ਕੋਸ਼ ਦੀ ਪ੍ਰਬੰਧ ਨਿਰਦੇਸ਼ਕ ਕ੍ਰਿਸਟੀਨ ਲੋਗਾਰਡ ਨੇ ਉਸ ਸਮੇਂ ਗੀਤਾ ਗੋਪੀਨਾਥ ਨੂੰ ਦੁਨੀਆ ਦਾ ਇਕ ਬਿਹਤਰੀਨ ਅਤੇ ਤਜ਼ਰਬੇਕਾਰ ਅਰਥ ਸ਼ਾਸਤਰੀ ਦੱਸਿਆ ਸੀ।

## ਭਾਰਤ ਨੇ ਅਮਨ ਦੀਆਂ ਕੋਸ਼ਿਸ਼ਾਂ ਦਾ ਜਵਾਬ ਨਹੀਂ ਦਿੱਤਾ: ਇਮਰਾਨ

ਇਸਲਾਮਾਬਾਦ, 9 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਭਾਰਤ 'ਤੇ ਦੋਸ਼ ਲਾਇਆ ਕਿ ਉਸ ਨੇ ਪਾਕਿ-ਸਤਾਨ ਵੱਲੋਂ ਅਮਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਜਵਾਬ ਨਹੀਂ ਦਿੱਤਾ ਅਤੇ ਜੇ ਪ੍ਰਮਾਣੂ ਸ਼ਕਤੀ ਨਾਲ ਲੈਸ ਦੋਵਾਂ ਮੁਲਕਾਂ ਵਿਚਾਲੇ ਜੰਗ ਹੁੰਦੀ ਹੈ ਤਾਂ ਇਹ ਦੋਵਾਂ ਲਈ ਹੀ ਘਾਤਕ ਹੋਵੇਗੀ।



ਇਥੇ ਇਕ ਇੰਟਰਵਿਊ ਦੌਰਾਨ ਪਾਕਿਸਤਾਨ ਦੀ ਤਹਿਰੀਕ-ਏ-ਇਨਸਾਫ ਪਾਰਟੀ ਦੇ ਮੁਖੀ ਇਮਰਾਨ ਖਾਨ ਨੇ ਇਕ ਵਾਰ ਫਿਰ ਭਾਰਤ ਨਾਲ ਗੱਲਬਾਤ ਦੀ ਇੱਛਾ ਜ਼ਾਹਿਰ ਕੀਤੀ ਹੈ। ਉਨ੍ਹਾਂ ਕਿਹਾ ਕਿ ਠੰਢੀ ਜੰਗ ਵੀ ਦੋਵਾਂ ਮੁਲਕਾਂ ਦੇ ਹਿੱਤ ਵਿੱਚ ਨਹੀਂ ਹੈ। ਉਨ੍ਹਾਂ ਕਿਹਾ, 'ਦੋਵਾਂ ਮੁਲਕਾਂ ਕੋਲ ਪਰਮਾਣੂ ਸ਼ਕਤੀ ਹੈ। ਇਸ ਲਈ ਦੋਵਾਂ ਨੂੰ ਜੰਗ ਬਾਰੇ ਨਹੀਂ ਸੋਚਣਾ ਚਾਹੀਦਾ। ਇਥੋਂ ਤੱਕ ਕਿ ਠੰਢੀ ਜੰਗ ਨਾਲ ਵੀ ਦੋਵਾਂ ਦਾ ਨੁਕਸਾਨ ਹੈ। ਸਿਰਫ ਗੱਲਬਾਤ ਹੀ ਮਸਲੇ ਦਾ ਹੱਲ ਹੈ। ਪਰਮਾਣੂ ਤਾਕਤਾਂ ਨਾਲ ਲੈਸ ਦੋ ਤਾਕਤਾਂ ਵਿਚਾਲੇ ਜੰਗ ਖੁਦਕੁਸ਼ੀ ਕਰਨ ਵਾਂਗ ਹੈ।' ਉਨ੍ਹਾਂ ਕਿਹਾ ਕਿ ਭਾਰਤ ਨੇ ਪਾਕਿਸਤਾਨ ਦੀਆਂ ਅਮਨ ਲਈ ਕੀਤੀਆਂ ਕੋਸ਼ਿਸ਼ਾਂ ਦਾ ਕੋਈ ਜਵਾਬ ਨਹੀਂ ਦਿੱਤਾ। ਭਾਰਤ ਇਸੇ ਗੱਲ ਬਾਰੇ ਬਜ਼ਿੱਦ ਹੈ ਕਿ ਅੱਤਵਾਦ ਤੇ ਗੱਲਬਾਤ ਇਕੱਠਿਆਂ ਨਹੀਂ ਚੱਲ ਸਕਦੇ। ਉਨ੍ਹਾਂ ਨਾਲ ਹੀ ਕਿਹਾ ਕਿ ਭਾਰਤ ਕਸ਼ਮੀਰੀ ਲੋਕਾਂ ਦੇ ਹੱਕਾਂ ਨੂੰ ਦਬਾਅ ਨਹੀਂ ਸਕਦਾ।

# ਕਰਤਾਰਪੁਰ ਸਾਹਿਬ ਕੰਪਲੈਕਸ ਦੇ ਮੂਲ ਢਾਂਚੇ ਨੂੰ ਕਾਇਮ ਰੱਖਣ ਦੀ ਮੰਗ

ਇਸਲਾਮਾਬਾਦ, 9 ਜਨਵਰੀ (ਪੋਸਟ ਬਿਊਰੋ)- ਅਮਰੀਕੀ ਸਿੱਖਾਂ ਨੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਕਰਤਾਰਪੁਰ ਸਾਹਿਬ ਕੰਪਲੈਕਸ ਦੇ ਮੂਲ ਢਾਂਚੇ ਵਿੱਚ ਤਬਦੀਲੀ ਨਾ ਕੀਤੀ ਜਾਵੇ ਤੇ ਅਸਲੀ ਰੂਪ ਕਾਇਮ ਰੱਖਿਆ ਜਾਵੇ। ਇਹ ਅਪੀਲ ਅਮੈਰੀਕਨ ਸਿੱਖ ਕੌਂਸਲ (ਏ ਐਸ ਸੀ) ਤੇ ਸਿੱਖ ਇਨ ਅਮੈਰੀਕਾ (ਐਸ ਆਈ ਏ) ਵੱਲੋਂ ਕੀਤੀ ਗਈ ਹੈ।



ਇਨ੍ਹਾਂ ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਭਵਿੱਖ ਵਿੱਚ ਲਾਂਘਾ ਖੁੱਲ੍ਹਣ ਮੌਕੇ ਸੰਸਾਰ ਭਰ ਤੋਂ ਵੱਡੀ ਗਿਣਤੀ ਸ਼ਰਧਾਲੂਆਂ ਦੀ ਆਮਦ ਨੂੰ ਧਿਆਨ ਵਿੱਚ ਰੱਖਦਿਆਂ ਕੀਤੀਆਂ ਜਾਣ ਵਾਲੀਆਂ ਨਵੀਆਂ ਉਸਾਰੀਆਂ ਕਰਤਾਰਪੁਰ ਸਾਹਿਬ ਕੰਪਲੈਕਸ ਤੋਂ ਦੂਰੀ 'ਤੇ ਕੀਤੀਆਂ ਜਾਣ। ਇਸ ਨਾਲ ਕਰਤਾਰਪੁਰ ਸਾਹਿਬ ਨੇੜਲੀ ਖੇਤੀ ਵਾਲੀ ਜ਼ਮੀਨ, ਕੁਦਰਤੀ ਇਲਾਕਾ ਜੋ ਕਰੀਬ 100 ਏਕੜ ਵਿੱਚ ਫੈਲਿਆ ਹੋਇਆ ਹੈ, ਮੂਲ ਰੂਪ ਵਿੱਚ ਬਚਿਆ ਰਹਿ ਸਕੇਗਾ। ਅਮਰੀਕੀ ਸਿੱਖਾਂ ਦਾ ਕਹਿਣਾ ਹੈ ਕਿ ਇਹ ਇਲਾਕਾ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੈ ਤੇ ਸ਼ਰਧਾਲੂਆਂ ਦੀ ਅਥਾਹ ਸ਼ਰਧਾ ਜੁੜੀ ਹੋਈ ਹੈ। ਉਨ੍ਹਾਂ ਰਾਵੀ ਦਰਿਆ ਨਾਲ ਲੱਗਦੇ ਜੰਗਲੀ ਇਲਾਕੇ ਨੂੰ ਵੀ ਜਿੰਨਾ ਹੋ ਸਕੇ, ਸੁਰੱਖਿਅਤ ਰੱਖਣ ਦੀ ਬੇਨਤੀ ਕੀਤੀ ਹੈ। ਏ ਐਸ ਸੀ ਦੇ ਪ੍ਰਧਾਨ ਡਾ. ਗੁਰਦਾਸ ਸਿੰਘ ਤੇ ਐਸ ਆਈ ਏ ਦੇ ਪ੍ਰਧਾਨ ਗੁਰਿੰਦਰ ਪਾਲ ਸਿੰਘ ਨੇ ਕਿਹਾ ਕਿ ਭਾਈਚਾਰੇ ਨੂੰ ਖਦਸ਼ਾ ਹੈ ਕਿ ਪਾਕਿਸਤਾਨ ਸਰਕਾਰ ਵੱਲੋਂ ਨਵਾਂ ਢਾਂਚਾ ਵਿਕਸਿਤ ਕਰਨ ਵੇਲੇ ਠੇਕੇਦਾਰ ਮੁੱਢਲੇ ਢਾਂਚੇ ਦੀ ਅਹਿਮੀਅਤ ਨੂੰ ਅਣਗੌਲਿਆ ਕਰ ਸਕਦੇ ਹਨ। ਇਸ ਲਈ ਖਾਸ ਧਿਆਨ ਰੱਖਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਔਕਾਫ ਵਿਭਾਗ ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਭਾਈਚਾਰੇ ਦੇ ਫਿਕਰ ਵੱਲ ਵਿਸ਼ੇਸ਼ ਧਿਆਨ ਦੇਵੇ।

## 42 ਫੀਸਦੀ ਅਮਰੀਕੀਆਂ ਦੀ ਨੇੜਲੀ ਨਜ਼ਰ ਕਮਜ਼ੋਰ

ਹਿਊਸਟਨ, 9 ਜਨਵਰੀ (ਪੋਸਟ ਬਿਊਰੋ)- ਅਮਰੀਕਾ ਵਿੱਚ ਨੇੜਲੀ ਨਜ਼ਰ ਦੋਸ਼ (ਮਾਓਪਿਯਾ) ਦੀ ਸਮੱਸਿਆ ਹੁਣ ਮਹਾਮਾਰੀ ਦੀ ਹੱਦ ਤੱਕ ਵਧ ਰਹੀ ਹੈ। ਨੈਸ਼ਨਲ ਆਈ ਇੰਸਟੀਚਿਊਟ ਦੇ ਡਾਟਾ ਦੇ ਮੁਤਾਬਕ 42 ਫੀਸਦੀ ਅਮਰੀਕੀ ਇਸ ਦੀ ਜਦ ਵਿੱਚ ਹਨ ਜੋ 1971 ਵਿੱਚ 25 ਪ੍ਰਤੀਸ਼ਤ ਤੱਕ ਸੀਮਿਤ ਸੀ। ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਦੇ ਮੁਤਾਬਕ ਦੂਰ ਦੀਆਂ ਚੀਜ਼ਾਂ ਦੇਖ ਸਕਣ ਵਿੱਚ ਸਮਰੱਥ ਲੋਕਾਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ।



ਦਿੱਲੀ ਦੇ ਏਮਸ ਨੇ ਪਿਛਲੇ ਸਾਲ ਇਕ ਅਧਿਐਨ ਵਿੱਚ ਦੱਸਿਆ ਸੀ ਕਿ ਭਾਰਤ ਵਿੱਚ ਪੰਜ ਤੋਂ 15 ਉਮਰ ਵਰਗ ਦੇ ਬੱਚਿਆਂ ਵਿੱਚ ਹਰ ਛੇ 'ਚੋਂ ਇਕ ਇਸ ਸਮੱਸਿਆ ਨਾਲ ਗ੍ਰਸਤ ਹੈ। ਯੂ ਐਨ ਦੇ ਡਾਟਾ ਵਿੱਚ ਕਿਹਾ ਜਾ ਚੁੱਕਾ ਹੈ ਕਿ ਭਾਰਤ ਵਰਗੇ ਜਿਨ੍ਹਾਂ ਦੇਸ਼ਾਂ ਵਿੱਚ ਇਹ ਸਮੱਸਿਆ ਪਹਿਲਾ ਬਹੁਤ ਘੱਟ ਰਹੀ ਉਥੇ 2050 ਤੱਕ ਇਹ ਬਹੁਤ ਵਧ ਜਾਵੇਗੀ। ਨੇੜਲੀ ਨਜ਼ਰ ਦੋਸ਼ ਆਮ ਤੌਰ 'ਤੇ ਸਕੂਲ ਜਾਣ ਵਾਲੇ ਬੱਚਿਆਂ ਨੂੰ ਜ਼ਿਆਦਾ ਹੁੰਦਾ ਹੈ ਤੇ ਇਹ ਕਾਲਾ ਮੋਤੀਆ ਰੋਗ (ਗਲੂਕੋਮਾ) ਅਤੇ ਥੋੜ੍ਹਾ ਅੰਨ੍ਹੇਪਣ ਵਰਗੀਆਂ ਅੱਖਾਂ ਦੀਆਂ ਜ਼ਿਆਦਾ ਸਮੇਂ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਤਕਨੀਕ ਦੇ ਅਤਿ ਆਧੁਨਿਕ ਇਸਤੇਮਾਲ ਨਾਲ ਬੱਚਿਆਂ ਵਿੱਚ ਨੇੜਲੀ ਨਜ਼ਰ ਦੋਸ਼ ਵਧਣ ਦੇ ਵਿਚਾਲੇ ਸੰਬੰਧ ਦੀ ਪੁਸ਼ਟੀ ਕਰਨ ਲਈ ਕੋਈ ਠੋਸ ਅਧਿਐਨ ਹੁਣ ਤੱਕ ਸਾਹਮਣੇ ਨਹੀਂ ਆਇਆ ਹੈ, ਪਰ ਕਈ ਖੋਜਾਂ ਵਿੱਚ ਇਨ੍ਹਾਂ ਦੋਵਾਂ ਦੇ ਵਿਚਾਲੇ ਸੰਬੰਧ ਦਿਖਾਇਆ ਗਿਆ ਹੈ। ਨੇੜਲੀ ਨਜ਼ਰ ਦੋਸ਼ ਦੇ ਚੱਲਦੇ ਬੱਚਿਆਂ ਵਿੱਚ ਧੁੰਦਲਾ ਦਿਸਣ ਦੀ ਸਮੱਸਿਆ ਨੂੰ ਲੈ ਕੇ ਹਿਊਸਟਨ ਯੂਨੀਵਰਸਿਟੀ ਨੇਤਰ ਸੰਸਥਾ ਬੱਚਿਆਂ ਵਿੱਚ ਇਸ ਸਮੱਸਿਆ ਨੂੰ ਦੂਰ ਕਰਨ ਦੇ ਲਈ ਨੇੜਲੀ ਨਜ਼ਰ ਦੋਸ਼ ਪ੍ਰਬੰਧਨ ਸੇਵਾ ਉਪਲੱਬਧ ਕਰਵਾ ਰਿਹਾ ਹੈ। ਟੈਕਸਾਸ ਵਿੱਚ ਇਹ ਪਹਿਲੀ ਤਰ੍ਹਾਂ ਦੀ ਸੇਵਾ ਹੋਵੇਗੀ। ਪਹਿਲਾ ਵਿੱਚ ਹੋਏ ਅਧਿਐਨਾਂ ਵਿੱਚ ਦੱਸਿਆ ਗਿਆ ਹੈ ਕਿ ਬੱਚਿਆਂ ਨੂੰ ਫੋਨ ਤੋਂ ਦੂਰ ਰੱਖਣ, ਘਰ ਤੋਂ ਬਾਹਰ ਖੇਡਣ ਲਈ ਉਤਸ਼ਾਹਿਤ ਕਰਨ ਨਾਲ ਇਸ ਸਮੱਸਿਆ 'ਤੇ ਕੁਝ ਹੱਦ ਤੱਕ ਕੰਟਰੋਲ ਪਾਇਆ ਜਾ ਸਕਦਾ ਹੈ।

## ਝੂਠੇ ਦੋਸ਼ ਵਿੱਚ 25 ਸਾਲ ਜੇਲ੍ਹ ਵਿੱਚ ਬੰਦ ਰਿਹਾ ਵਿਅਕਤੀ, 4.7 ਕਰੋੜ ਦਾ ਮੁਆਵਜ਼ਾ ਮਿਲਿਆ

ਬੀਜਿੰਗ, 9 ਜਨਵਰੀ (ਪੋਸਟ ਬਿਊਰੋ)- ਚੀਨ ਵਿੱਚ ਲਿਉ ਝੋਂਗਲਿਨ (50) ਲੜਕੀ ਦੀ ਹੱਤਿਆ ਦੇ ਦੋਸ਼ ਵਿੱਚ 25 ਸਾਲ ਜੇਲ੍ਹ ਵਿੱਚ ਰਿਹਾ। ਲਿਉ 'ਤੇ ਲੱਗੇ ਦੋਸ਼ ਝੂਠੇ ਸਾਬਤ ਹੋਏ ਤਾਂ ਉਸ ਨੂੰ 4.7 ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ ਗਿਆ ਹੈ। ਲਿਉ ਨੇ ਦੱਸਿਆ ਕਿ ਮੁਆਵਜ਼ੇ ਦੀ ਰਕਮ ਬਹੁਤ ਹੈ, ਪ੍ਰੰਤੂ ਉਹ ਜ਼ਿੰਦਗੀ ਦੇ ਉਨ੍ਹਾਂ ਦਿਨਾਂ ਨੂੰ ਗੁਆ ਚੁੱਕਾ ਹੈ, ਜੋ ਕਦੇ ਵਾਪਸ ਨਹੀਂ ਆਉਣਗੇ।



ਮਿਲੀ ਜਾਣਕਾਰੀ ਅਨੁਸਾਰ ਮਾਮਲਾ 1990 ਦਾ ਹੈ। ਜਿਲਿਨ ਸੂਬੇ ਦੇ ਹੁਇਲੀ ਪਿੰਡ ਵਿੱਚ 18 ਸਾਲ ਦੀ ਇੱਕ ਲੜਕੀ ਦੀ ਹੱਤਿਆ ਹੋਈ ਸੀ। ਤਦ ਲਿਉ ਨੂੰ ਹੱਤਿਆ ਦਾ ਦੋਸ਼ੀ ਮੰਨਦੇ ਹੋਏ ਸਜ਼ਾ ਸੁਣਾਈ ਗਈ ਸੀ। ਇਸ ਦੇ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਉਮਰ ਕੈਦ ਹੋ ਗਈ ਸੀ। ਲਿਉ ਪਿਛਲੇ 17 ਸਾਲ ਤੋਂ ਆਪਣੇ ਮਾਮਲੇ ਦੀ ਅਪੀਲ ਕਰ ਰਹੇ ਸਨ। 28 ਮਾਰਚ 2012 ਨੂੰ ਹਾਈ ਕੋਰਟ ਨੇ ਮਾਮਲੇ ਦੀ ਸਮੀਖਿਆ ਕਰਨ ਦਾ ਫੈਸਲਾ ਕੀਤਾ। ਛੇ ਸਾਲ ਤੋਂ ਵੱਧ ਦੀ ਸਮੀਖਿਆ ਦੇ ਬਾਅਦ ਕੋਰਟ ਨੇ ਸਬੂਤਾਂ ਦੀ ਘਾਟ ਵਿੱਚ ਲਿਉ ਨੂੰ ਬੇਕਸੂਰ ਕਰਾਰ ਦੇ ਦਿੱਤਾ। ਸਜ਼ਾ ਦੌਰਾਨ ਲਿਉ ਨੂੰ 9217 ਦਿਨ ਜੇਲ੍ਹ ਵਿੱਚ ਬਿਤਾਉਣੇ ਪਏ।

INTERSTATE FREIGHT SYSTEMS INC.
A/Z ਡਰਾਈਵਰ ਤੇ ਡਿਸਪੈਚਰ ਦੀ ਲੋੜ
USA, Montreal, Montreal Local Within Ontario ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ
Please send resume at: jgill@interstatefreightsystem.com
Call: 416-452-0677, 647-448-3500
(Monday to Friday | 10am to 5pm)
IFS

Honesty, Reliability, Commitment
HIRA RANDHWA
Broker
Dir:416.319.0551 Off:905.913.8585
- 1 yr Home Warranty
- 40% Discount on Brand Name Appliances & Furniture
- Free Evaluation & Lowest Commission
OPEN HOUSE UNTIL SOLD
Silvercity
www.HiraRandhawa.com hirarandhawa@yahoo.ca
Brampton $579,900 — Hwy 10/Wlm Pkwy — 3 Bedroom, 3W/R, 1Bedroom Basement Detached, Freshly Painted, Modern Kitchen, Granite Counter Tops And Walk Out To Large Private Yard Perfect For Pvt. BBQ's
Malton $589,900 — Airport Rd/Steeles — 3 Bedroom, Semi-Detached, 3 Full Washrooms, Newly Painted, New Concrete Patio for summer BBQ, Newly Renovated 1 Bed Room Basmt. With Separate-Entrance
Malton $599,000 — Airport Rd/ Morning Star Dr — 4BR, 3WR, Large Lot, 3 Separate Apartments, Fully Renovated, 1BR Basmt.with Sep. Ent., Excellent For Investment Or Personal use, walk to Stores, Transportation, Sikh Temple
Brampton $729,000 — KingKnoll And Mclaughlin — 4Bed Rooms, 4Wash Rooms,2 Bed Room Basement, Close to Schools Sheridan College, Parks Shoppers World,Liabrary, Parks, Sikh Temple
Call For:
RESP, SUPER -VISA,& TRAVEL
Insurance
H.Randhawa
416-319-0551

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਬਾਦਲ ਦਲ ਬਾਲਾ ਸਾਹਿਬ ਹਸਪਤਾਲ ਚਲਾਉਣ ਵਿੱਚ ਬੁਰੀ ਤਰ੍ਹਾਂ ਫੇਲ ਹੋਇਆ: ਸਰਨਾ

ਜਲੰਧਰ, 9 ਜਨਵਰੀ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਬਾਲਾ ਸਾਹਿਬ ਹਸਪਤਾਲ ਨੂੰ ਚਲਾਉਣ ਬਾਰੇ ਬਾਦਲ ਦਲ ਵੱਲੋਂ ਆਰੰਭ ਕੀਤੀ ਨਵੀਂ ਕਵਾਇਦ 'ਤੇ ਇਤਰਾਜ਼ ਕਰਦਿਆਂ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਮੌਜੂਦਾ ਪ੍ਰਬੰਧਕਾਂ ਨੂੰ ਸਵਾਲ ਕੀਤਾ ਕਿ ਇਹੋ ਕੰਮ ਜਦੋਂ ਉਹ (ਸਰਨਾ) 2012-13 'ਚ ਬਾਲਾ ਸਾਹਿਬ ਹਸਪਤਾਲ ਚਲਾਉਣ ਲਈ ਕਰ ਰਹੇ ਸਨ ਤਾਂ ਉਸ ਵੇਲੇ ਬਾਦਲ ਦਲ ਨੇ ਇਸ ਦਾ ਵਿਰੋਧ ਕਿਉਂ ਕੀਤਾ ਸੀ? ਉਨ੍ਹਾਂ ਕਿਹਾ ਕਿ ਬਾਦਲ ਦਲ ਛੇ ਸਾਲਾਂ ਤੱਕ ਹਸਪਤਾਲ ਨਹੀਂ ਚਲਾ ਸਕਿਆ ਤੇ ਹੁਣ ਬਾਬਾ ਬਚਨ ਸਿੰਘ ਜੀ ਕਾਰ ਸੇਵਾ ਵਾਲਿਆਂ ਨੂੰ ਹਸਪਤਾਲ ਚਲਾਉਣ ਲਈ ਬੇਨਤੀਆਂ ਕਰ ਰਿਹਾ ਹੈ।

ਸਰਨਾ ਨੇ ਕਿਹਾ ਕਿ ਬਾਦਲ ਦਲ ਨੇ ਇਸੇ ਹਸਪਤਾਲ ਨੂੰ ਮੁੱਦਾ ਬਣਾ ਕੇ 2013 ਅਤੇ 2017 ਦੀਆਂ ਦਿੱਲੀ ਕਮੇਟੀ ਦੀਆਂ ਚੋਣਾਂ ਲੜੀਆਂ ਸਨ ਤੇ ਦਿੱਲੀ ਦੀ ਸੰਗਤ ਨਾਲ ਝੂਠੇ ਵਾਅਦੇ ਕਰ ਕੇ ਗੁਰੂ ਦੀ ਗੋਲਕ ਅਤੇ ਕਮੇਟੀ ਦੇ ਸੋਮਿਆਂ 'ਤੇ ਕਬਜ਼ਾ ਕਰ ਲਿਆ ਸੀ ਤੇ ਛੇ ਸਾਲ ਗੁਰੂ ਦੀ ਗੋਲਕ ਦੀ ਦੁਰਵਰਤੋਂ ਕਰਨ ਤੋਂ ਬਾਅਦ ਜਦੋਂ ਬਾਲਾ ਸਾਹਿਬ ਹਸਪਤਾਲ ਨਹੀਂ ਚਲਾ ਸਕੇ ਅਤੇ ਦਿੱਲੀ ਦੀਆਂ ਸੰਗਤਾਂ ਨੂੰ ਮੈਡੀਕਲ ਸਹੂਲਤਾਂ ਨਹੀਂ ਦੇ ਸਕੇ ਤਾਂ ਬਾਬਾ ਬਚਨ ਸਿੰਘ ਕਾਰ ਸੇਵਾ ਵਾਲਿਆਂ ਦੇ ਡੇਰੇ ਤੇ ਆਪਣੀ ਨਲਾਇਕੀ 'ਤੇ ਪਰਦਾ ਪਾਉਣ ਲਈ ਚਲੇ ਗਏ। ਉਨ੍ਹਾਂ ਕਿਹਾ ਕਿ ਅਖੀਰ ਦਿੱਲੀ ਦੀ ਸਿੱਖ ਸੰਗਤ ਜਾਨਣਾ ਚਾਹੁੰਦੀ ਹੈ ਕਿ ਬਾਦਲ ਦਲ ਦੇ ਆਗੂ ਦੇ ਦਿੱਲੀ ਕਮੇਟੀ ਦੇ ਹੋਰ ਸੀਨੀਅਰ ਆਗੂ ਬਾਬਾ ਬਚਨ ਸਿੰਘ ਕਾਰ ਸੇਵਾ ਵਾਲਿਆਂ ਦੇ ਡੇਰੇ 'ਤੇ ਕਿਸ ਗਲਤੀ ਦੀ ਮੁਆਫੀ ਲਈ ਪਹੁੰਚੇ ਹਨ? ਉਨ੍ਹਾਂ ਕਿਹਾ ਕਿ ਬਾਦਲ ਦਲ ਦੇ ਨੇਤਾ ਮਨਜੀਤ ਸਿੰਘ ਜੀ ਕੇ ਅਤੇ ਮਨਜਿੰਦਰ ਸਿੰਘ ਸਿਰਸਾ ਲਗਾਤਾਰ ਝੂਠੇ ਦੋਸ਼ ਮੜ੍ਹਦੇ ਰਹੇ ਕਿ ਸਰਨਾ ਨੇ ਬਾਲਾ ਹਸਪਤਾਲ ਵੇਚ ਦਿੱਤਾ ਹੈ, ਪਰ ਇਸ ਬਾਰੇ ਅੱਜ ਤੱਕ ਕੋਈ ਇੱਕ ਵੀ ਸਬੂਤ ਸੰਗਤਾਂ ਸਾਹਮਣੇ ਨਸ਼ਰ ਨਹੀਂ ਕੀਤਾ ਗਿਆ। ਇਸ ਲਈ ਸਾਡੀ ਪਾਰਟੀ ਦਿੱਲੀ ਦੀਆਂ ਸੰਗਤਾਂ ਵਿੱਚ ਜਾ ਕੇ ਬਾਦਲ ਦਲ ਨੇ ਬੇਨਕਾਬ ਕਰੇਗੀ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਇੰਨੇ ਵੱਡੇ ਘਪਲੇ ਤੇ ਭ੍ਰਿਸ਼ਟਾਚਾਰ ਸਾਹਮਣੇ ਆਏ ਹਨ, ਜਿਸ ਨੇ ਦਿੱਲੀ ਕਮੇਟੀ ਦੇ ਅਕਸ ਨੂੰ ਦੇਸ਼ ਹੀ ਨਹੀਂ ਸਗੋਂ ਸੰਸਾਰ ਭਰ 'ਚ ਖਰਾਬ ਕੀਤਾ ਹੈ।

# ਧਰਤੀ ਤੋਂ ਵੱਡਾ ਇੱਕ ਗ੍ਰਹਿ ਲੱਭਿਆ

ਨਿਊਯਾਰਕ, 9 ਜਨਵਰੀ (ਪੋਸਟ ਬਿਊਰੋ)- ਸੌਰ ਮੰਡਲ ਦੇ ਬਾਹਰ ਗ੍ਰਹਿਆਂ ਦੀ ਖੋਜ ਦੀ ਅਮਰੀਕੀ ਪੁਲਾੜ ਏਜੰਸੀ ਨਾਸਾ ਦੀ ਮੁਹਿੰਮ ਤਹਿਤ ਇਕ ਹੋਰ ਗ੍ਰਹਿ ਦੀ ਖੋਜ ਕੀਤੀ ਗਈ ਹੈ। ਇਹ ਧਰਤੀ ਤੋਂ 63 ਪ੍ਰਕਾਸ਼ ਸਾਲ ਦੂਰ ਰੈਟੀਕੁਲਮ ਤਾਰਾ ਮੰਡਲ ਦੇ ਸੂਰਜ ਦੇ ਸਮਾਨ ਚਮਕੀਲੇ ਡਵਾਰਫ (ਬੌਨੇ) ਤਾਰੇ ਦਾ ਚੱਕਰ ਲਗਾ ਰਿਹਾ ਹੈ। ਤਾਰੇ ਨੇੜੇ ਹੋਣ ਪਿੱਛੋਂ ਵੀ ਇਸ ਐਚ ਡੀ 21749ਬੀ ਗ੍ਰਹਿ ਦੇ ਤਲ ਦਾ ਤਾਪਮਾਨ 300 ਡਿਗਰੀ ਫਾਰਨਹੀਟ ਹੀ ਹੈ।

ਇਸ ਗ੍ਰਹਿ ਦੀ ਖੋਜ ਨਾਲ ਜੁੜੀ ਮੈਸਾਚਿਊਟਸ ਇੰਸਟੀਚਿਊਟ ਆਫ ਟੈਕਨਾਲੋਜੀ ਦੀ ਡਾਇਨਾ ਡ੍ਰੈਗੋਮਿਰ ਦਾ ਕਹਿਣਾ ਹੈ ਕਿ ਐਚ ਡੀ 21749ਬੀ ਏਨੇ ਗਰਮ ਤਾਰੇ ਦੀ ਪਰਿਕਰਮਾ ਕਰਨ ਵਾਲਾ ਹੁਣ ਤੱਕ ਦਾ ਸਭ ਤੋਂ ਠੰਢਾ ਗ੍ਰਹਿ ਹੈ। ਧਰਤੀ ਤੋਂ ਤਿੰਨ ਗੁਣਾ ਵੱਡਾ ਅਤੇ 23 ਗੁਣਾ ਭਾਰੀ ਗ੍ਰਹਿ ਨੂੰ ਸਬ-ਨੇਪਚਿਊਨ ਵਰਗ ਵਿੱਚ ਰੱਖਿਆ ਗਿਆ ਹੈ। ਇਸ ਦਾ ਜ਼ਿਆਦਾਤਰ ਹਿੱਸਾ ਗੈਸੀ ਹੈ ਅਤੇ ਇਸ ਦਾ ਵਾਯੂਮੰਡਲ ਨੇਪਚਿਊਨ ਅਤੇ ਯੂਰੇਨਸ ਤੋਂ ਸੰਘਣਾ ਹੈ। ਵਿਗਿਆਨਕਾਂ ਦਾ ਕਹਿਣਾ ਹੈ ਕਿ ਪਾਣੀ ਕਾਰਨ ਇਸ ਦਾ ਵਾਯੂਮੰਡਲ ਸੰਘਣਾ ਹੈ ਅਤੇ ਇਸ 'ਤੇ ਜੀਵਨ ਦੀ ਸੰਭਾਵਨਾ ਵੀ ਹੋ ਸਕਦੀ ਹੈ। ਨਾਸਾ ਦੇ ਟਰਾਂਜਿਟਿੰਗ ਐਕਸੋਪਲੈਨੇਟ ਸਰਵੇ ਸੈਟੇਲਾਈਟ (ਟੀ ਈ ਐਸ ਐਸ) ਵੱਲੋਂ ਲੱਭਿਆ ਗਿਆ ਇਹ ਤੀਜਾ ਗ੍ਰਹਿ ਹੈ। ਨਾਸਾ ਨੇ ਇਸ ਨੂੰ ਪਿਛਲੇ ਸਾਲ ਅਪ੍ਰੈਲ ਵਿੱਚ ਲਾਂਚ ਕੀਤਾ ਸੀ। ਅਗਸਤ ਵਿੱਚ ਇਸ ਨੇ ਪਹਿਲੀ ਤਸਵੀਰ ਭੇਜੀ ਸੀ।

# ਵਿਸ਼ਵ ਬੈਂਕ ਦੇ ਪ੍ਰੈਜ਼ੀਡੈਂਟ ਦਾ ਸਮੇਂ ਤੋਂ ਪਹਿਲਾਂ ਅਸਤੀਫਾ



ਵਾਸ਼ਿੰਗਟਨ, 9 ਜਨਵਰੀ (ਪੋਸਟ ਬਿਊਰੋ)- ਵਿਸ਼ਵ ਬੈਂਕ ਦੇ ਪ੍ਰੈਜ਼ੀਡੈਂਟ ਜਿਮ ਯੋਂਗ ਕਿਮ ਨੇ ਐਲਾਨ ਕੀਤਾ ਹੈ ਕਿ ਉਹ ਸੰਸਥਾ ਦੇ ਮੁਖੀ ਦੇ ਅਹੁਦੇ ਤੋਂ ਅਸਤੀਫਾ ਦੇ ਰਹੇ ਹਨ। ਉਨ੍ਹਾਂ 2022 'ਚ ਕਾਰਜਕਾਲ ਸਮਾਪਤ ਹੋਣ ਤੋਂ ਪਹਿਲਾਂ ਹੀ ਅਹੁਦੇ ਛੱਡਣ ਦਾ ਫੈਸਲਾ ਕੀਤਾ ਹੈ। ਕਿਮ ਦੇ ਉਤਰਾਧਿਕਾਰੀ ਦੀ ਨਿਯੁਕਤੀ ਦਾ ਅਧਿਕਾਰੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮਿਲੇਗਾ, ਪਰ ਅਮਰੀਕਾ ਦੇ ਇਸ ਏਕਾਧਿਕਾਰ ਨੂੰ ਚੁਣੌਤੀਆਂ ਵੀ ਮਿਲ ਸਕਦੀਆਂ ਹਨ। ਕਿਮ ਨੇ ਬੀਤੇ ਦਿਨੀਂ ਆਪਣੇ ਫੈਸਲੇ ਦਾ ਐਲਾਨ ਕਰਦੇ ਹੋਏ ਟਵੀਟ ਕਰਕੇ ਕਿਹਾ, 'ਇਸ ਬਿਹਤਰੀਨ ਸੰਸਥਾਨ ਦੇ ਸਮਰਪਿਤ ਸਟਾਫ ਦੀ ਅਗਵਾਈ ਕਰਨ ਦਾ ਮੌਕਾ ਮਿਲਣਾ ਸੁਭਾਗ ਦੀ ਗੱਲ ਰਹੀ।' 59 ਸਾਲਾ ਕਿਮ ਇਕ ਫਰਵਰੀ ਨੂੰ ਇਹ ਅਹੁਦਾ ਛੱਡ ਰਹੇ ਹਨ। ਉਹ ਨਿੱਜੀ ਕੰਪਨੀ ਨਾਲ ਜੁੜਨਗੇ ਤੇ ਵਿਕਾਸਸ਼ੀਲ ਦੇਸ਼ਾਂ ਦੇ ਬੁਨਿਆਦੀ ਢਾਂਚਾਗਤ ਨਿਵੇਸ਼ 'ਤੇ ਧਿਆਨ ਕੇਂਦਰਿਤ ਕਰਨਗੇ। ਬੈਂਕ ਦੀ ਸੀ ਈ ਓ ਕ੍ਰਿਸਟਾਲਿਨਾ ਜਾਰਜੀਵਾ ਉਦੋਂ ਤੱਕ ਇਸ ਅਹੁਦੇ 'ਤੇ ਅੰਤਰਿਮ ਪ੍ਰੈਜ਼ੀਡੈਂਟ ਦੇ ਰੂਪ 'ਚ ਬਣੀ ਰਹੇਗੀ, ਜਦੋਂ ਤੱਕ ਇਸ ਅਹੁਦੇ ਲਈ ਨਵੀਂ ਨਿਯੁਕਤੀ ਨਹੀਂ ਹੋ ਜਾਂਦੀ ਹੈ।

ਬੈਂਕ ਦੇ ਵੱਡੇ ਸ਼ੇਅਰ ਧਾਰਕ ਹੋਣ ਕਾਰਨ ਅਮਰੀਕਾ ਪਰੰਪਰਾ ਦੇ ਅਨੁਸਾਰ ਬੈਂਕ ਦੇ ਮੁਖੀ ਦੀ ਨਿਯੁਕਤੀ ਕਰਦਾ ਹੈ, ਜਦ ਕਿ ਯੂਰਪੀ ਦੇਸ਼ ਕੌਮਾਂਤਰੀ ਮੁਦਰਾ ਫੰਡ (ਆਈ ਐਮ ਐਫ) ਦੇ ਮੁਖੀ ਦੀ ਚੋਣ ਕਰਦੇ ਹਨ। ਕਿਮ ਨੂੰ 2012 'ਚ ਸਾਬਕਾ ਰਾਸ਼ਟਰਪਤੀ ਬਰਾਕਾ ਓਬਾਮਾ ਨੇ ਇਸ ਅਹੁਦੇ 'ਤੇ ਨਾਮਜ਼ਦ ਕੀਤਾ ਸੀ। ਟਰੰਪ ਦੀ ਚੋਣ ਤੋਂ ਪਹਿਲਾਂ ਕਿਮ ਨੂੰ ਦੂਜੇ ਕਾਰਜਕਾਲ ਲਈ ਸਤੰਬਰ 2016 'ਚ ਨਿਯੁਕਤ ਕੀਤਾ ਗਿਆ, ਜੋ ਜੁਲਾਈ 2017 ਨੂੰ ਸ਼ੁਰੂ ਹੋਇਆ। ਉਨ੍ਹਾਂ ਦਾ ਕਾਰਜਕਾਲ 2022 ਤੱਕ ਸੀ। ਇਸ ਤਰ੍ਹਾਂ ਉਨ੍ਹਾਂ ਆਪਣੇ ਅਹੁਦੇ ਨੂੰ ਕਾਰਜਕਾਲ ਦੇ ਵਿੱਚ ਹੀ ਛੱਡਣ ਦਾ ਫੈਸਲਾ ਕੀਤਾ ਹੈ। ਹੁਣ ਟਰੰਪ ਨੂੰ ਵਿਸ਼ਵ ਬੈਂਕ ਦੇ ਮੁਖੀ ਅਹੁਦੇ ਲਈ ਉਮੀਦਵਾਰ ਨੂੰ ਨਾਮਜ਼ਦ ਕਰਨ ਦਾ ਮੌਕਾ ਮਿਲੇਗਾ।

# ਕਾਰ ਸਵਾਰ ਪਤੀ-ਪਤਨੀ ਤੋਂ 2.99 ਕਰੋੜ ਰੁਪਏ ਦੇ ਨੋਟ ਫੜੇ

ਮਾਨਸਾ, 9 ਜਨਵਰੀ (ਪੋਸਟ ਬਿਊਰੋ)- ਜ਼ਿਲ੍ਹਾ ਪੁਲਸ ਮਾਨਸਾ ਨੇ ਪਿੰਡ ਬਹਿਣੀਵਾਲ ਕੋਲ ਨਾਕੇ 'ਤੇ ਤਲਾਸ਼ੀ ਦੌਰਾਨ ਟੋਇਟਾ ਕਾਰ ਸਵਾਰ ਪਤੀ-ਪਤਨੀ ਤੋਂ ਦੋ ਕਰੋੜ 99 ਲੱਖ 53 ਹਜ਼ਾਰ ਰੁਪਏ ਦੀ ਕਰੰਸੀ ਬਰਾਮਦ ਕੀਤੀ ਹੈ। ਉਹ ਪੁਲਸ ਵੱਲੋਂ ਪੁੱਛਣ 'ਤੇ ਇਸ ਰਾਸ਼ੀ ਬਾਰੇ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੇ। ਪੁਲਸ ਨੇ ਉਕਤ ਕਰੰਸੀ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਸੀਲ ਕਰ ਕੇ ਇਸ ਦੀ ਸੂਚਨਾ ਇਨਕਮ ਟੈਕਸ ਵਿਭਾਗ ਬਠਿੰਡਾ ਦੇ ਡਿਪਟੀ ਡਾਇਰੈਕਟਰ ਨੂੰ ਦੇ ਦਿੱਤੀ ਹੈ, ਜਿਹੜੇ ਅਗਲੀ ਕਾਰਵਾਈ ਕਰਨਗੇ।

ਕਾਰ ਚਾਲਕ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਕੋਈ ਦੋਸਤ ਬਿਲਡਿੰਗ ਨਿਰਮਾਣ ਦਾ ਕੰਮ ਕਰਦਾ ਹੈ, ਇਹ ਸਾਰੇ ਪੈਸੇ ਉਸ ਦੇ ਹਨ। ਪੁਲਸ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ, ਪਰ ਪੁਲਸ ਨੂੰ ਇਹ ਮਾਮਲਾ ਕਿਸੇ ਗੰਭੀਰ ਅਪਰਾਧ ਨਾਲ ਜੁੜਿਆ ਜਾਪਦਾ ਹੈ।

ਕੱਲ੍ਹ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪੁਲਸ ਮੁਖੀ ਮਨਧੀਰ ਸਿੰਘ ਨੇ ਦੱਸਿਆ ਕਿ ਡੀ ਐੱਸ ਪੀ ਸਿਮਰਨਜੀਤ ਸਿੰਘ ਲੰਗ ਅਤੇ ਏ ਐੱਸ ਆਈ ਅਵਤਾਰ ਸਿੰਘ ਵੱਲੋਂ ਪਿੰਡ ਬਹਿਣੀਵਾਲ ਅੱਗੇ ਲਾਏ ਨਾਕੇ ਦੌਰਾਨ ਸ਼ੱਕ ਦੇ ਆਧਾਰ 'ਤੇ ਟੋਇਟਾ ਕਾਰ ਸਵਾਰ ਪਤੀ ਪਤਨੀ ਨਿਰਮਲ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਜੀਵਨ ਨਗਰ, ਪਿੰਡ ਸੰਤ ਨਗਰ ਜ਼ਿਲ੍ਹਾ ਸਿਰਸਾ ਹਰਿਆਣਾ ਤੇ ਉਸ ਦੀ ਪਤਨੀ ਸੁਖਚੈਨ ਕੌਰ ਕੋਲੋਂ ਥੈਲਿਆਂ 'ਚ ਬੰਦ ਦੋ ਕਰੋੜ 99 ਲੱਖ 53 ਹਜ਼ਾਰ ਰੁਪਏ ਦੀ ਕਰੰਸੀ ਬਰਾਮਦ ਹੋਈ ਹੈ। ਐੱਸ ਐੱਸ ਪੀ ਨੇ ਦੱਸਿਆ ਕਿ ਪੁਲਸ ਨੇ ਆਪਣੀ ਮੁੱਢਲੀ ਕਾਰਵਾਈ ਕਰਦਿਆਂ ਇਸ ਕਰੰਸੀ ਨੂੰ ਸੀਲ ਕਰ ਦਿੱਤਾ ਹੈ ਅਤੇ ਮੌਕੇ 'ਤੇ ਮਸ਼ੀਨ ਰਾਹੀਂ ਜ਼ਿਲ੍ਹਾ ਮੈਜਿਸਟਰੇਟ ਦੀ ਹਾਜ਼ਰੀ ਵਿੱਚ ਸਾਰੀ ਕਰੰਸੀ ਦੀ ਗਿਣਤੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਡਿਪਟੀ ਡਾਇਰੈਕਟਰ ਇਨਕਮ ਟੈਕਸ ਵਿਭਾਗ ਬਠਿੰਡਾ ਨੂੰ ਵੀ ਸੂਚਿਤ ਕਰ ਦਿੱਤਾ ਹੈ।

# ਵਿਸ਼ਵ ਭਰ 'ਚੋਂ ਭਾਰਤ 'ਚ ਔਰਤਾਂ ਦੀ ਖੁਦਕੁਸ਼ੀ ਦਰ ਸਭ ਤੋਂ ਵੱਧ



ਕੈਲੀਫੋਰਨੀਆ, 9 ਜਨਵਰੀ (ਪੋਸਟ ਬਿਊਰੋ)- ਵਿਸ਼ਵ ਭਰ 'ਚ ਔਰਤਾਂ ਵੱਲੋਂ ਕੀਤੀਆਂ ਜਾਂਦੀਆਂ ਖੁਦਕੁਸ਼ੀਆਂ ਦੇ ਮਾਮਲੇ 'ਚ ਭਾਰਤ ਪਹਿਲੇ ਸਥਾਨ 'ਤੇ ਹੈ। ਹਰ ਤਿੰਨ ਔਰਤਾਂ ਪਿੱਛੇ ਇਕ ਭਾਰਤੀ ਔਰਤ ਖੁਦਕੁਸ਼ੀ ਕਰਦੀ ਹੈ।

ਇਹ ਖੁਲਾਸਾ 'ਲਾਂਸੈਟ ਪਬਲਿਕ ਹੈਲਥ' ਦੁਆਰਾ ਛਾਪੇ ਨਵੇਂ ਅਧਿਐਨ 'ਚ ਕੀਤਾ ਗਿਆ ਹੈ, ਜਿਸ ਦੀ ਸਮੀਖਿਆ 'ਸਾਇੰਸਟਫਿਕ ਅਮੈਰੀਨਕ' ਵੱਲੋਂ ਆਪਣੇ ਦਸੰਬਰ ਅੰਕ 'ਚ ਕੀਤੀ ਗਈ ਹੈ। 'ਲਾਂਸੈਟ ਪਬਲਿਕ ਹੈਲਥ' ਦਾ ਅਧਿਐਨ ਭਾਰਤੀ ਮੂਲ ਦੇ ਕਲੀਨੀਕਲ ਪ੍ਰੋਫੈਸਰ ਰਾਖੀ ਡੋਡਨਾ ਦੁਆਰਾ ਕੀਤਾ ਗਿਆ ਹੈ। ਰਾਖੀ ਡੋਡਨਾ ਯੂਨੀਵਰਸਿਟੀ ਆਫ ਵਾਸ਼ਿੰਗਟਨ ਦੇ ਵਿਸ਼ਵ ਸਿਹਤ ਵਿਭਾਗ 'ਚ ਕੰਮ ਕਰ ਰਹੇ ਹਨ। ਪ੍ਰਕਾਸ਼ਿਤ ਰਿਪੋਰਟ ਵਿੱਚ ਸਾਲ 1990 ਤੋਂ 2016 ਤੱਕ ਭਾਰਤ 'ਚ ਔਰਤਾਂ ਦੁਆਰਾ ਖੁਦਕੁਸ਼ੀ ਦਰ ਦੀ ਪੁਸ਼ਟੀ ਕਰਨ ਲਈ ਪ੍ਰੋ. ਡੋਡਨਾ ਤੇ ਉਸ ਦੇ ਸਾਥੀਆਂ ਨੇ 'ਗਲੋਬਲ ਬਰਡਨ ਆਫ ਡਸੀਜ਼ ਸਟੱਡੀ' ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਹੈ। ਸਿੱਟਾ ਕੱਢਿਆ ਗਿਆ ਹੈ ਕਿ ਭਾਰਤ 'ਚ ਹਰ ਸਾਲ ਦੋ ਲੱਖ 30 ਹਜ਼ਾਰ ਔਰਤਾਂ ਵੱਲੋਂ ਖੁਦਕੁਸ਼ੀਆਂ ਕੀਤੀਆਂ ਜਾਂਦੀਆਂ ਹਨ। ਭਾਰਤ ਦੀ ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਮੁਕਾਬਲੇ 'ਚ ਇਹ ਦਰ ਬਹੁਤ ਜ਼ਿਆਦਾ ਹੈ। ਕੌਮੀ ਰਿਕਾਰਡ ਬਿਊਰੋ ਅਨੁਸਾਰ ਸਾਲ 2015 'ਚ 1,33,623 ਔਰਤਾਂ ਨੇ ਖੁਦਕੁਸ਼ੀ ਕੀਤੀ, ਪਰ ਖੋਜੀਆਂ ਦਾ ਕਹਿਣਾ ਹੈ ਕਿ ਭਾਰਤ 'ਚ ਖੁਦਕੁਸ਼ੀ ਦੇ ਮਾਮਲਿਆਂ ਨੂੰ ਰਫਾ ਦਫਾ ਕਰਨਾ ਆਮ ਵਰਤਾਰਾ ਹੈ।


ਮੂੰਹੋ ਬੋਲਦੀ Kitchen and Washroom ਬਣਵਾਓ

Pearson Kitchen & Cabinet

Free Estimate
We Specialize in granite, quartz & marble countertops

We Specialize In:
100% Satisfaction On Time




- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5'', ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7'', Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਗਿੱਲ ਲੜਕਾ, ਉਮਰ 31 ਸਾਲ, ਕੱਦ 5'6'', ਪਿਛਲੇ 10 ਸਾਲਾਂ ਤੋਂ ਦੁਬਾਈ ਵਿੱਚ ਟੱਰਕ ਚਲਾ ਰਿਹ ਲੜਕੇ ਲਈ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 00918699923074 । 00971559436629(WhatsApp)

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7'', ਰੰਗ ਗੋਰਾ, B.sc Computer Science, 30 Acre ਜ਼ਮੀਨ, District ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3'', vegetarian, student in Canada. Canadian PR or Citizen preferred.
For more details kindly contact 216-556-2080.

ਜੱਟ ਸਿੱਖ ਲੜਕਾ ਉਮਰ 31 ਸਾਲ, ਗੋਤ ਗਿੱਲ, ਲੰਬਾਈ 5 ਫੁੱਟ 6 ਇੰਚ, ਜੋ ਕਿ ਦੁਬਈ ਵਿਚ ਪਿਛਲੇ ਦਸ ਸਾਲਾਂ ਤੋ ਟਰੱਕ ਚਲਾ ਰਿਹਾ ਹੈ, ਲਈ ਲੜਕੀ ਦੀ ਲੋੜ ਹੈ। ਸੰਪਰਕ- ਮੋਬਾ:00918699923074, ਵਟਸਐਪ-00971559436629

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10'', Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ । ਕਿਰਪਾ ਕਰਕੇ ਸੰਪਰਕ ਕਰੋ- 647-721-4039

